Australian Government

myagedcare

Punjabi | ਪੰਜਾਬੀ

ਬਿਰਧ ਦੇਖਭਾਲ ਘਰ ਵਿੱਚ ਦਾਖਲਾ ਲੈਣ ਦੇ ਕਦਮ

ਨਵੰਬਰ 2025

ਕੌਮਨਵੈਲਥ ਕੋਟ ਆਫ਼ ਆਰਮਜ਼ ਅਤੇ ਜਿੱਥੇ ਹੋਰ ਵੱਖਰੇ ਢੰਗ ਨਾਲ ਉਲੇਖ ਕੀਤਾ ਗਿਆ ਹੋਵੇ, ਉਸ ਤੋਂ ਇਲਾਵਾ, ਇਸ ਦਸਤਾਵੇਜ਼ ਵਿੱਚ ਦਿੱਤੀ ਗਈ ਸਾਰੀ ਸਮੱਗਰੀ ਕ੍ਰੀਏਟਿਵ ਕੌਮਨਜ਼ ਐਟ੍ਰਿਬਿਊਸ਼ਨ 4.0 ਇੰਟਰਨੈਸ਼ਨਲ **(CreativeCommons.org/Licenses/By/4.0/)** ਲਾਇਸੈਂਸ ਦੇ ਅਧੀਨ ਉਪਲਬਧ ਹੈ।

ਇਸ ਲਾਇਸੈਂਸ ਦੀਆਂ ਸੰਬੰਧਤ ਸ਼ਰਤਾਂ ਦੇ ਵੇਰਵੇ ਕ੍ਰੀਏਟਿਵ ਕੌਮਨਜ਼ ਦੀ ਵੈੱਬਸਾਈਟ ਉੱਤੇ ਉਪਲਬਧ ਹਨ, ਜੋ ਦਿੱਤੇ ਗਏ ਲਿੰਕਾਂ ਰਾਹੀਂ ਖੋਲ੍ਹੇ ਜਾ ਸਕਦੇ ਹਨ, ਜਿਵੇਂ ਕਿ CC BY 4.0 ਅੰਤਰਰਾਸ਼ਟਰੀ ਲਾਇਸੈਂਸ **(CreativeCommons.org/Licenses/By/4.0/LegalCode)** ਲਈ ਪੂਰਾ ਕਾਨੂੰਨੀ ਕੋਡ ਵੀ ਉਥੇ ਉਪਲਬਧ ਹੈ।

ਇਸ ਦਸਤਾਵੇਜ਼ ਦਾ ਸਿਹਰਾ ਲਾਜ਼ਮੀ ਤੌਰ 'ਤੇ Department of Health, Disability and Ageing [ਸਿਹਤ, ਅਪੰਗਤਾ ਅਤੇ ਬਿਰਧ ਦੇਖਭਾਲ ਵਿਭਾਗ] ਨੂੰ ਦਿੱਤਾ ਜਾਣਾ ਚਾਹੀਦਾ ਹੈ।

ਬਿਰਧ ਦੇਖਭਾਲ ਘਰ ਵਿੱਚ ਦਾਖਲਾ ਲੈਣ ਦੇ ਕਦਮ

ਸਾਡੇ ਨਾਲ ਸੰਪਰਕ ਕਰੋ

ਇਸ ਲਾਇਸੈਂਸ ਅਤੇ ਇਸ ਦਸਤਾਵੇਜ਼ ਦੀ ਕਿਸੇ ਵੀ ਵਰਤੋਂ ਸੰਬੰਧੀ ਪੁੱਛਗਿੱਛ ਇਸ ਈਮੇਲ ਰਾਹੀਂ ਕੀਤੀ ਜਾ ਸਕਦੀ ਹੈ: **Communication.AgedCare@health.gov.au**।

ਤੁਸੀਂ ਇਹ ਕਿਤਾਬਚਾ **MyAgedCare.gov.au** 'ਤੇ ਜਾ ਕੇ ਲੱਭ ਸਕਦੇ ਹੋ।

ਇਹ ਕਿਤਾਬਚਾ ਤੁਹਾਡੀ ਦੇਖਭਾਲ ਬਾਰੇ ਮਹੱਤਵਪੂਰਨ ਫ਼ੈਸਲੇ ਲੈਣ ਵਿੱਚ ਤੁਹਾਡੀ, ਤੁਹਾਡੇ ਪਰਿਵਾਰ ਜਾਂ ਤੁਹਾਡੇ ਦੋਸਤਾਂ ਦੀ ਮੱਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਵਿੱਚ ਬਹੁਤ ਸਾਰੀ ਲਾਭਦਾਇਕ ਜਾਣਕਾਰੀ ਸ਼ਾਮਲ ਹੈ, ਪਰ ਤੁਸੀਂ ਫ਼ੈਸਲਾ ਲੈਣ ਵਿੱਚ ਮੱਦਦ ਲਈ ਹੋਰ ਖੋਜ ਕਰਨਾ ਚਾਹ ਸਕਦੇ ਹੋ।

ਇਹ ਜਾਣਕਾਰੀ ਨਵੰਬਰ 2025 ਤੱਕ ਤਾਜ਼ਾ ਹੈ।

ਕੀ ਇਹ ਕਿਤਾਬਚਾ ਤੁਹਾਡੇ ਲਈ ਸਹੀ ਹੈ?

ਇਹ ਕਿਤਾਬਚਾ ਦੱਸਦਾ ਹੈ ਕਿ ਬਜ਼ੁਰਗ ਲੋਕ ਬਿਰਧ ਦੇਖਭਾਲ ਘਰ ਵਿੱਚ ਦੇਖਭਾਲ ਕਿਵੇਂ ਪ੍ਰਾਪਤ ਕਰ ਸਕਦੇ ਹਨ, ਬਿਰਧ ਦੇਖਭਾਲ ਘਰ ਵਿੱਚ ਜਾਣ ਦੀ ਪ੍ਰਕਿਰਿਆ ਅਤੇ ਜਦੋਂ ਤੁਸੀਂ ਉੱਥੇ ਹੁੰਦੇ ਹੋ ਤਾਂ ਕੀ ਉਮੀਦ ਕਰਨੀ ਹੈ।

ਜੇਕਰ ਤੁਹਾਡਾ ਮੁਲਾਂਕਣ ਕਿਸੇ ਰਿਹਾਇਸ਼ੀ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਦੇਖਭਾਲ ਲਈ ਇੱਕ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਦੁਆਰਾ ਕੀਤਾ ਗਿਆ ਹੈ ਤਾਂ ਤੁਹਾਨੂੰ ਇਹ ਕਿਤਾਬਚਾ ਪੜ੍ਹਨਾ ਚਾਹੀਦਾ ਹੈ।

ਤੁਸੀਂ **MyAgedCare.gov.au/Resources** 'ਤੇ ਹੇਠਾਂ ਸੂਚੀਬੱਧ ਹੋਰ ਕਿਸਮਾਂ ਦੀਆਂ ਬਿਰਧ ਦੇਖਭਾਲ ਸਹਾਇਤਾ ਸੇਵਾਵਾਂ ਬਾਰੇ ਕਿਤਾਬਚਿਆਂ ਤੱਕ ਵੀ ਪਹੁੰਚ ਕਰ ਸਕਦੇ ਹੋ।

ਕੀ ਇਹ ਕਿਤਾਬਚਾ ਤੁਹਾਡੇ ਲਈ ਸਹੀ ਹੈ?

ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ

ਜੇਕਰ ਤੁਸੀਂ ਆਪਣੇ ਘਰ ਵਿੱਚ ਸਵੈ-ਨਿਰਭਰ ਤਰੀਕੇ ਨਾਲ ਨਹੀਂ ਰਹਿ ਸਕਦੇ ਹੋ ਤਾਂ ਬਿਰਧ ਦੇਖਭਾਲ ਸਹੂਲਤਾਂ ਵਿੱਚ ਨਿੱਜੀ ਅਤੇ ਨਰਸਿੰਗ ਦੇਖਭਾਲ ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਬਿਰਧ ਦੇਖਭਾਲ ਘਰ ਵਿੱਚ ਥੋੜ੍ਹੇ ਸਮੇਂ ਲਈ ਰਿਹਾਇਸ਼ੀ ਰੈਸਪਾਈਟ ਕੇਅਰ ਵੀ ਸ਼ਾਮਲ ਹੈ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
MyAgedCare.gov.au/Aged-Care-Homes

ਘਰ ਵਿੱਚ ਸ਼ੁਰੂਆਤੀ-ਪੱਧਰ ਦੀ ਦੇਖਭਾਲ

ਕੌਮਨਵੈਲਥ ਹੋਮ ਸਪੋਰਟ ਪ੍ਰੋਗਰਾਮ (CHSP) ਰਾਹੀਂ ਲਗਾਤਾਰ ਚੱਲਣ ਵਾਲੀ ਜਾਂ ਥੋੜ੍ਹੇ ਸਮੇਂ ਦੀ ਦੇਖਭਾਲ ਅਤੇ ਸਹਾਇਤਾ ਸੇਵਾਵਾਂ। ਤੁਸੀਂ ਘਰ ਦੇ ਕੰਮਾਂ, ਨਿੱਜੀ ਦੇਖਭਾਲ, ਭੋਜਨ ਤਿਆਰ ਕਰਨ, ਆਵਾਜਾਈ, ਖ਼ਰੀਦਦਾਰੀ, ਸਹਾਇਕ ਸਿਹਤ ਸੇਵਾਵਾਂ ਜਿਵੇਂ ਕਿ ਫਿਜ਼ੀਓਥੈਰੇਪੀ ਅਤੇ ਸਮਾਜਿਕ ਮੇਲ-ਜੋਲ ਵਿੱਚ ਮੱਦਦ ਪ੍ਰਾਪਤ ਕਰ ਸਕਦੇ ਹੋ। ਤੁਸੀਂ ਯੋਜਨਾਬੱਧ ਅਸਥਾਈ ਰਾਹਤ ਲੈਣ ਲਈ ਰੈਸਪਾਈਟ ਕੇਅਰ ਲਈ ਵੀ ਅਰਜ਼ੀ ਦੇ ਸਕਦੇ ਹੋ, ਜਿਸ ਨਾਲ ਤੁਹਾਡੇ ਦੇਖਭਾਲ ਕਰਨ ਵਾਲੇ ਨੂੰ ਛੁੱਟੀ ਮਿਲੇਗੀ।

CHSP 'ਸਪੋਰਟ ਐਟ ਹੋਮ' ਪ੍ਰੋਗਰਾਮ ਦਾ ਹਿੱਸਾ ਬਣ ਜਾਵੇਗਾ, ਪਰ 1 ਜੁਲਾਈ 2027 ਤੋਂ ਪਹਿਲਾਂ ਨਹੀਂ। CHSP ਘੱਟ-ਪੱਧਰੀ ਸਹਾਇਤਾ ਲੋੜਾਂ ਵਾਲੇ ਮੌਜੂਦਾ ਅਤੇ ਨਵੇਂ ਗਾਹਕਾਂ ਲਈ ਜਾਰੀ ਰਹੇਗਾ।

ਘਰ ਵਿੱਚ ਲਗਾਤਾਰ ਚੱਲਣ ਵਾਲੀ ਦੇਖਭਾਲ

ਇਹ 'ਸਪੋਰਟ ਐਟ ਹੋਮ' (Support at Home) ਪ੍ਰੋਗਰਾਮ ਬਜ਼ੁਰਗਾਂ ਨੂੰ ਸਿਹਤਮੰਦ, ਸਰਗਰਮ ਅਤੇ ਸਮਾਜਿਕ ਤੌਰ 'ਤੇ ਆਪਣੇ ਭਾਈਚਾਰੇ ਨਾਲ ਜੁੜੇ ਰਹਿਣ ਵਿੱਚ ਮੱਦਦ ਕਰਨ ਲਈ ਦੇਖਭਾਲ ਅਤੇ ਸਹਾਇਤਾ ਸੇਵਾਵਾਂ, ਉਪਕਰਨਾਂ ਅਤੇ ਘਰ ਵਿੱਚ ਬਦਲਾਅ ਕਰਨ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

'ਸਪੋਰਟ ਐਟ ਹੋਮ' ਪ੍ਰੋਗਰਾਮ ਉਹਨਾਂ ਲੋਕਾਂ ਲਈ ਉੱਚ ਪੱਧਰੀ ਦੇਖਭਾਲ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੀਆਂ ਗੁੰਝਲਦਾਰ ਲੋੜਾਂ ਹਨ, ਅਤੇ ਜਿਨ੍ਹਾਂ ਨੂੰ ਘਰ ਰਹਿਣ ਲਈ ਵਧੇਰੇ ਮੱਦਦ ਦੀ ਲੋੜ ਹੁੰਦੀ ਹੈ।

ਅਰੋਗਤਾ ਦੇਖਭਾਲ ਮਾਰਗ (Restorative Care Pathway)

'ਸਪੋਰਟ ਐਟ ਹੋਮ' ਪ੍ਰੋਗਰਾਮ ਦੇ ਹਿੱਸੇ ਵਜੋਂ 'ਅਰੋਗਤਾ ਦੇਖਭਾਲ ਮਾਰਗ' ਥੋੜ੍ਹੇ ਸਮੇਂ ਦਾ ਇੱਕ ਸਹਾਇਕ ਸਿਹਤ/ਨਰਸਿੰਗ ਕੇਂਦ੍ਰਿਤ ਮਾਰਗ ਹੈ। ਅਰੋਗਤਾ ਦੇਖਭਾਲ ਤੁਹਾਨੂੰ ਲੰਬੇ ਸਮੇਂ ਤੱਕ ਸਵੈ-ਨਿਰਭਰ ਬਣੇ ਰਹਿਣ ਵਿੱਚ ਮੱਦਦ ਕਰ ਸਕਦੀ ਹੈ ਅਤੇ ਉਹਨਾਂ ਗਤੀਵਿਧੀਆਂ ਨੂੰ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ ਜਿਨ੍ਹਾਂ ਨੂੰ ਤੁਸੀਂ ਕਰਨਾ ਪਸੰਦ ਕਰਦੇ ਹੋ।

ਜੀਵਨ ਦੇ ਆਖ਼ਰੀ ਸਮੇਂ ਦੀ ਦੇਖਭਾਲ ਦਾ ਤਰੀਕਾ

ਜੀਵਨ ਦੇ ਆਖ਼ਰੀ ਸਮੇਂ ਦੀ ਦੇਖਭਾਲ ਦਾ ਮਾਰਗ (End-of-Life Pathway) ਉਨ੍ਹਾਂ ਬਜ਼ੁਰਗਾਂ ਦੀ ਸਹਾਇਤਾ ਕਰਦਾ ਹੈ, ਜਿਨ੍ਹਾਂ ਦੇ ਜੀਵਨ ਵਿੱਚ 3 ਮਹੀਨੇ ਜਾਂ ਘੱਟ ਸਮਾਂ ਬਚਿਆ ਹੈ ਅਤੇ ਉਹ ਘਰ ਵਿੱਚ ਰਹਿਣਾ ਚਾਹੁੰਦੇ ਹਨ। ਇਸਦਾ ਉਦੇਸ਼ ਰਾਜ ਜਾਂ ਕੇਂਦਰੀ ਪ੍ਰਦੇਸ਼-ਅਧਾਰਿਤ ਪੈਲੀਏਟਿਵ ਦੇਖਭਾਲ (ਅੰਤਿਮ ਚਰਨ ਦੀ ਸੰਭਾਲ) ਯੋਜਨਾਵਾਂ ਦੇ ਤਹਿਤ ਉਪਲਬਧ ਸੇਵਾਵਾਂ ਦੇ ਪੂਰਕ ਵਜੋਂ ਘਰ ਵਿੱਚ ਵਧੀਕ ਬਿਰਧ ਦੇਖਭਾਲ ਸੇਵਾ ਪ੍ਰਦਾਨ ਕੀਤੀ ਜਾ ਸਕੇ। ਇਹ ਤਰੀਕਾ 'ਸਪੋਰਟ ਐਟ ਹੋਮ' ਪ੍ਰੋਗਰਾਮ ਦਾ ਹਿੱਸਾ ਹੈ।

ਵਿਸ਼ਾ-ਸੂਚੀ

ਬਿਰਧ ਦੇਖਭਾਲ ਘਰ ਵਿੱਚ ਦੇਖਭਾਲ	4
My Aged Care ਨਾਲ ਸੰਪਰਕ ਕਰੋ	7
ਬਿਰਧ ਦੇਖਭਾਲ ਲਈ ਯੋਗਤਾ ਮੁਲਾਂਕਣ ਕਰਵਾਓ	9
ਰਿਹਾਇਸ਼ੀ ਰੈਸਪਾਈਟ ਕੇਅਰ - ਬਿਰਧ ਦੇਖਭਾਲ ਘਰ ਵਿੱਚ ਥੋੜ੍ਹੇ ਸਮੇਂ ਲਈ ਠਹਿਰਣਾ	12
ਬਿਰਧ ਦੇਖਭਾਲ ਘਰ ਸੇਵਾ ਵਿੱਚ ਜਾਣ ਦਾ ਮਾਰਗ	13
1. ਖ਼ਰਚਿਆਂ ਦਾ ਹਿਸਾਬ ਲਗਾਓ	14
2. ਬਿਰਧ ਦੇਖਭਾਲ ਘਰ ਲੱਭੋ	23
3. ਕਿਸੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਅਰਜ਼ੀ ਦਿਓ ਅਤੇ ਪੇਸ਼ਕਸ਼ ਸਵੀਕਾਰ ਕਰੋ	26
4. ਆਪਣੇ ਬਿਰਧ ਦੇਖਭਾਲ ਘਰ ਨਾਲ ਸਮਝੌਤੇ 'ਤੇ ਦਸਤਖ਼ਤ ਕਰੋ	27
5. ਆਪਣੀ ਦੇਖਭਾਲ ਅਤੇ ਸੇਵਾਵਾਂ ਦਾ ਪ੍ਰਬੰਧਨ ਕਰੋ	32
ਹੋਰ ਸਹਾਇਤਾ	35
ਚੈੱਕਲਿਸਟ - ਖ਼ਰਚਿਆਂ ਦਾ ਹਿਸਾਬ ਲਗਾਓ ਅਤੇ ਬਿਰਧ ਦੇਖਭਾਲ ਘਰ ਲੱਭੋ	42
ਚੈੱਕਲਿਸਟ - ਸਮਝੌਤੇ ਵਿੱਚ ਦਾਖ਼ਲ ਹੋਣਾ	45
ਚੈੱਕਲਿਸਟ - ਬਿਰਧ ਦੇਖਭਾਲ ਵਿੱਚ ਜਾਣ ਦੀ ਤਿਆਰੀ	46

ਆਸਟ੍ਰੇਲੀਆ ਦੀ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਸੁਧਾਰ

ਪਿਛਲੇ ਕੁੱਝ ਸਾਲਾਂ ਦੌਰਾਨ, ਆਸਟ੍ਰੇਲੀਆਈ ਸਰਕਾਰ ਨੇ ਬਿਰਧ ਦੇਖਭਾਲ ਸੇਵਾਵਾਂ ਦੀ ਗੁਣਵੱਤਾ ਅਤੇ ਸੁਰੱਖਿਆ ਸੰਬੰਧੀ ਰੌਇਲ ਕਮਿਸ਼ਨ [Royal Commission into Aged Care Quality and Safety] ਦੇ ਜਵਾਬ ਵਿੱਚ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਵੱਡੇ ਬਦਲਾਅ ਕੀਤੇ ਹਨ। ਇਨ੍ਹਾਂ ਵਿਸ਼ਾਲ-ਪੱਧਰੀ ਸੁਧਾਰਾਂ ਨੇ ਸਕਾਰਾਤਮਕ ਤਬਦੀਲੀਆਂ ਲਿਆ ਕੇ ਆਸਟ੍ਰੇਲੀਆ ਵਿੱਚ ਬਜ਼ੁਰਗਾਂ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਦੇਖਭਾਲ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਹੈ ਅਤੇ ਪਾਰਦਰਸ਼ਤਾ ਵਧਾਈ ਹੈ।

ਉੱਚ ਗੁਣਵੱਤਾ ਵਾਲੀ ਦੇਖਭਾਲ ਅਤੇ ਸਹਾਇਤਾ ਹਰ ਕਿਸੇ ਲਈ ਪਹੁੰਚਯੋਗ ਹੋਣੀ ਚਾਹੀਦੀ ਹੈ, ਭਾਵੇਂ ਤੁਸੀਂ ਘਰ ਰਹਿਣ ਦੀ ਚੋਣ ਕਰੋ ਜਾਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਜਾਓ।

Aged Care Act 2024 (ਬਿਰਧ ਦੇਖਭਾਲ ਕਾਨੂੰਨ 2024)ਬਿਰਧ ਦੇਖਭਾਲ ਤੱਕ ਪਹੁੰਚ ਕਰਨ ਵਾਲੇ ਬਜ਼ੁਰਗਾਂ ਲਈ ਹੋਰ ਸੁਧਾਰ ਲੈ ਕੇ ਆ ਰਿਹਾ ਹੈ। ਇਸ ਵਿੱਚ ਉਹ ਨਿਯਮ ਸ਼ਾਮਲ ਹਨ ਜੋ ਬਿਰਧ ਦੇਖਭਾਲ ਸੇਵਾ ਖੇਤਰ ਨੂੰ ਮਜ਼ਬੂਤ ਬਣਾਉਣਗੇ, ਤਾਂ ਜੋ ਬਜ਼ੁਰਗਾਂ ਨੂੰ ਉਨ੍ਹਾਂ ਦੀ ਬਿਰਧ ਦੇਖਭਾਲ ਸੇਵਾ ਵਿੱਚ ਵਧੇਰੇ ਭਰੋਸਾ, ਕੰਟਰੋਲ ਅਤੇ ਵਿਸ਼ਵਾਸ ਦਿੱਤਾ ਜਾ ਸਕੇ।

ਬਿਰਧ ਦੇਖਭਾਲ ਘਰ ਵਿੱਚ ਦੇਖਭਾਲ

ਇੱਕ ਬਿਰਧ ਦੇਖਭਾਲ ਘਰ ਉਹਨਾਂ ਬਜ਼ੁਰਗਾਂ ਲਈ ਇੱਕ ਜਗ੍ਹਾ ਹੈ ਜੋ ਹੁਣ ਆਪਣੇ ਘਰ ਵਿੱਚ ਆਤਮ-ਨਿਰਭਰ ਤੌਰ 'ਤੇ ਨਹੀਂ ਰਹਿ ਸਕਦੇ ਅਤੇ ਉਹਨਾਂ ਨੂੰ ਰੋਜ਼ਾਨਾ ਦੇ ਕੰਮਾਂ ਜਾਂ ਸਿਹਤ ਸੰਭਾਲ ਵਿੱਚ ਨਿਰੰਤਰ ਮੱਦਦ ਦੀ ਲੋੜ ਹੁੰਦੀ ਹੈ।

ਬਿਰਧ ਦੇਖਭਾਲ ਘਰ ਵਿੱਚ ਰਹਿਣਾ ਜਾਂ ਥੋੜ੍ਹੇ ਸਮੇਂ ਲਈ ਠਹਿਰਣਾ ਇਸ ਗੱਲ ਨੂੰ ਯਕੀਨੀ ਬਣਾਉਣ ਬਾਰੇ ਹੁੰਦਾ ਹੈ ਕਿ ਤੁਹਾਨੂੰ ਉਹ ਦੇਖਭਾਲ ਮਿਲੇ ਜੋ ਤੁਹਾਨੂੰ ਲੋੜੀਂਦੀ ਹੈ।

ਬਿਰਧ ਦੇਖਭਾਲ ਘਰ ਤੁਹਾਡੀ ਮੱਦਦ ਕਰ ਸਕਦੇ ਹਨ:

- ਰੋਜ਼ਾਨਾ ਦੇ ਕੰਮਾਂ ਵਿੱਚ, ਜਿਵੇਂ ਕਿ ਸਫ਼ਾਈ, ਖਾਣਾ ਪਕਾਉਣਾ ਅਤੇ ਕੱਪੜੇ ਧੋਣਾ
- ਨਿੱਜੀ ਦੇਖਭਾਲ ਵਿੱਚ, ਜਿਵੇਂ ਕਿ ਨਹਾਉਣਾ, ਕੱਪੜੇ ਪਾਉਣਾ, ਸੰਵਰਨਾ ਅਤੇ ਟਾਇਲਟ ਜਾਣਾ
- ਰਜਿਸਟਰਡ ਨਰਸ ਦੀ ਨਿਗਰਾਨੀ ਹੇਠ ਕਲੀਨਿਕਲ ਦੇਖਭਾਲ ਵਿੱਚ, ਜਿਵੇਂ ਕਿ ਜ਼ਖ਼ਮਾਂ ਦੀ ਦੇਖਭਾਲ ਅਤੇ ਦਵਾਈਆਂ ਦੇਣਾ
- ਸਮਾਜਿਕ ਗਤੀਵਿਧੀਆਂ ਵਿੱਚ, ਜੋ ਤੁਹਾਨੂੰ ਆਪਣੇ ਦੋਸਤਾਂ ਅਤੇ ਭਾਈਚਾਰੇ ਨਾਲ ਜੁੜੇ ਰਹਿਣ ਵਿੱਚ ਮੱਦਦ ਕਰਦੀਆਂ ਹਨ
- ਹੋਰ ਦੇਖਭਾਲ ਸੇਵਾਵਾਂ।

ਇੱਕ ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ ਰਾਹੀਂ ਪ੍ਰਦਾਨ ਕੀਤੀ ਜਾਣ ਵਾਲੀ ਰਿਹਾਇਸ਼ੀ ਬਿਰਧ ਦੇਖਭਾਲ ਸਥਾਈ ਜਾਂ ਥੋੜ੍ਹੇ ਸਮੇਂ ਦੇ ਆਧਾਰ 'ਤੇ ਪ੍ਰਦਾਨ ਕੀਤੀ ਜਾ ਸਕਦੀ ਹੈ। ਬਿਰਧ ਦੇਖਭਾਲ ਘਰ ਵਿੱਚ ਥੋੜ੍ਹੇ ਸਮੇਂ ਦੀ ਦੇਖਭਾਲ ਨੂੰ ਰਿਹਾਇਸ਼ੀ ਰੈਸਪਾਈਟ ਕੇਅਰ ਕਿਹਾ ਜਾਂਦਾ ਹੈ।

ਰਿਹਾਇਸ਼ੀ ਰੈਸਪਾਈਟ ਕੇਅਰ ਬਾਰੇ ਹੋਰ ਜਾਣਕਾਰੀ ਇਸ ਕਿਤਾਬਚੇ ਦੇ ਪੰਨਾ 12 'ਤੇ ਮਿਲ ਸਕਦੀ ਹੈ।

ਬਿਰਧ ਦੇਖਭਾਲ ਘਰ ਉਨ੍ਹਾਂ ਲੋਕਾਂ ਜਾਂ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਹਨ ਜੋ ਤੁਹਾਡੀ ਦੇਖਭਾਲ ਕਰਨ ਲਈ ਆਸਟ੍ਰੇਲੀਆਈ ਸਰਕਾਰ ਨਾਲ ਰਜਿਸਟਰਡ ਹਨ। ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਲਈ ਇਹ ਜ਼ਰੂਰੀ ਹੈ ਕਿ ਉਹ ਬਿਰਧ ਦੇਖਭਾਲ ਦੀ ਗੁਣਵੱਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਕਰਮਚਾਰੀ ਢੁੱਕਵੇਂ ਤਰੀਕੇ ਨਾਲ ਸਿਖਲਾਈ ਪ੍ਰਾਪਤ ਹੋਣ ਅਤੇ ਉਨ੍ਹਾਂ ਕੋਲ ਮੌਜੂਦਾ ਵਰਕਰ ਸਕ੍ਰੀਨਿੰਗ ਚੈੱਕ ਹੋਣ।

ਜਿਸ ਤਰ੍ਹਾਂ ਉਹ ਤੁਹਾਡੀਆਂ ਸਰੀਰਕ ਲੋੜਾਂ ਨੂੰ ਪੂਰਾ ਕਰਦੇ ਹਨ, ਉਸੇ ਤਰ੍ਹਾਂ ਬਿਰਧ ਦੇਖਭਾਲ ਪ੍ਰਦਾਤਾਵਾਂ ਨੂੰ ਤੁਹਾਡੀਆਂ ਅਧਿਆਤਮਿਕ ਅਤੇ ਸੱਭਿਆਚਾਰਕ ਲੋੜਾਂ ਅਤੇ ਪਸੰਦਾਂ ਦਾ ਸਮਰਥਨ ਕਰਨਾ ਵੀ ਲਾਜ਼ਮੀ ਹੁੰਦਾ ਹੈ। ਬਿਰਧ ਦੇਖਭਾਲ ਕਰਮਚਾਰੀਆਂ ਨੂੰ ਆਪਣੇ ਭੂਮਿਕਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਲਈ ਸਿਖਲਾਈ ਅਤੇ ਨਿਗਰਾਨੀ ਪ੍ਰਦਾਨ ਕਰਨੀ ਵੀ ਲਾਜ਼ਮੀ ਹੁੰਦੀ ਹੈ।

ਨਿੱਜੀ ਤੌਰ 'ਤੇ ਫ਼ੰਡ ਪ੍ਰਾਪਤ ਰਿਹਾਇਸ਼ੀ ਵਿਕਲਪ, ਜਿਵੇਂ ਕਿ ਰਿਟਾਇਰਮੈਂਟ ਵਿਲੇਜ ਜਾਂ ਸਵੈ-ਨਿਰਭਰ ਜੀਵਨ ਵਾਲੀਆਂ ਯੂਨਿਟਾਂ , ਆਤਮ-ਨਿਰਭਰ ਬਜ਼ੁਰਗ ਲੋਕਾਂ ਲਈ ਕਈ ਤਰ੍ਹਾਂ ਦੀਆਂ ਸੇਵਾਵਾਂ ਦੀ ਪੇਸ਼ਕਸ਼ ਕਰਦੀਆਂ ਹਨ। ਇਹ ਸੇਵਾਵਾਂ ਰਾਜ ਅਤੇ ਪ੍ਰਦੇਸ਼ ਸਰਕਾਰਾਂ ਦੁਆਰਾ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਨੂੰ ਚਲਾਉਣ ਲਈ ਆਸਟ੍ਰੇਲੀਆਈ ਸਰਕਾਰ ਦੀ ਮੰਨਜ਼ੂਰੀ ਦੀ ਲੋੜ ਨਹੀਂ ਹੁੰਦੀ ਹੈ।

ਇਨ੍ਹਾਂ ਨਿੱਜੀ ਤੌਰ 'ਤੇ ਫ਼ੰਡ ਪ੍ਰਾਪਤ ਸੇਵਾਵਾਂ ਨੂੰ ਆਸਟ੍ਰੇਲੀਆਈ ਸਰਕਾਰ ਵੱਲੋਂ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਜਿਵੇਂ ਕਿ 'ਸਪੋਰਟ ਐਟ ਹੋਮ' ਪ੍ਰਦਾਨ ਕਰਨ ਲਈ ਵੀ ਮੰਨਜ਼ੂਰੀ ਦਿੱਤੀ ਜਾ ਸਕਦੀ ਹੈ। ਜੇਕਰ ਯੋਗ ਹੋ, ਤਾਂ ਤੁਸੀਂ ਉਨ੍ਹਾਂ ਤੋਂ ਜਾਂ ਕਿਸੇ ਹੋਰ ਮੰਨਜ਼ੂਰਸ਼ੁਦਾ ਸੇਵਾ ਪ੍ਰਦਾਤਾ ਤੋਂ ਬਿਰਧ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ।

ਆਸਟ੍ਰੇਲੀਆਈ ਸਰਕਾਰ ਨੈਸ਼ਨਲ ਐਬੋਰਿਜਨਲ ਐਂਡ ਟੋਰੇਸ ਸਟ੍ਰੇਟ ਆਈਲੈਂਡਰ ਫਲੈਕਸੀਬਲ ਏਜਡ ਕੇਅਰ (NATSIFAC) ਪ੍ਰੋਗਰਾਮ ਰਾਹੀਂ ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਬਿਰਧ ਦੇਖਭਾਲ ਫ਼ੰਡ ਵੀ ਦਿੰਦੀ ਹੈ। NATSIFAC ਸੇਵਾਵਾਂ ਘਰ, ਭਾਈਚਾਰੇ ਅਤੇ ਬਿਰਧ ਦੇਖਭਾਲ ਰਿਹਾਇਸ਼ੀ ਘਰਾਂ ਵਿੱਚ ਮਿਲੀਆਂ-ਜੁਲੀਆਂ ਬਿਰਧ ਦੇਖਭਾਲ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਤਾਂ ਜੋ ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੀ ਆਪਣੇ ਘਰ ਅਤੇ ਜ਼ਮੀਨ ਦੇ ਨੇੜੇ ਰਹਿਣ ਵਿੱਚ ਸਹਾਇਤਾ ਕੀਤੀ ਜਾ ਸਕੇ।

ਯੋਗਤਾ

ਆਸਟ੍ਰੇਲੀਆਈ ਸਰਕਾਰ ਵੱਲੋਂ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਵਿੱਚ ਦਾਖਲਾ ਕੇਵਲ ਉਹਨਾਂ ਲੋਕਾਂ ਲਈ ਉਪਲਬਧ ਹੈ, ਜਿਨ੍ਹਾਂ ਦੀਆਂ ਦੇਖਭਾਲ ਦੀਆਂ ਲੋੜਾਂ ਹਨ ਅਤੇ ਜੋ ਜਾਂ ਤਾਂ:

- 65 ਸਾਲ ਅਤੇ ਵੱਧ ਉਮਰ ਦੇ ਹਨ
- ਐਬੋਰਿਜ਼ਨਲ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਅਤੇ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ
- ਬੇਘਰ ਹਨ ਜਾਂ ਬੇਘਰ ਹੋਣ ਦੇ ਜੋਖ਼ਮ ਵਿੱਚ ਹਨ, ਅਤੇ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ।

ਉਪਲਬਧ ਦੇਖਭਾਲ ਅਤੇ ਸੇਵਾਵਾਂ

ਜੇਕਰ ਤੁਹਾਨੂੰ ਲੋੜ ਹੋਵੇ ਤਾਂ, ਬਿਰਧ ਦੇਖਭਾਲ ਘਰ ਵਿੱਚ ਤੁਹਾਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਦੇਖਭਾਲ ਅਤੇ ਸੇਵਾਵਾਂ ਵਿੱਚ ਸ਼ਾਮਲ ਹਨ:

- ਰੋਜ਼ਾਨਾ ਜੀਵਨ ਦੀਆਂ ਸੇਵਾਵਾਂ, ਜਿਵੇਂ ਕਿ ਬੈੱਡਰੂਮ ਫਰਨੀਚਰ, ਭੋਜਨ, ਮੁੱਢਲੀਆਂ ਨਹਾਉਣ-ਧੋਣ ਦੀਆਂ ਚੀਜ਼ਾਂ ਅਤੇ ਘਰ ਵਿੱਚ ਸਮਾਜਿਕ ਗਤੀਵਿਧੀਆਂ
- ਨਿੱਜੀ ਦੇਖਭਾਲ ਸਹਾਇਤਾ, ਜਿਵੇਂ ਕਿ ਨਹਾਉਣਾ, ਸੰਵਰਣਾ ਅਤੇ ਖਾਣ-ਪੀਣ ਵਿੱਚ ਸਹਾਇਤਾ
- ਕਲੀਨਿਕਲ ਸੇਵਾਵਾਂ, ਜਿਵੇਂ ਕਿ ਦਵਾਈਆਂ ਲੈਣ ਵਿੱਚ ਮੱਦਦ, ਨਰਸਿੰਗ ਦੇਖਭਾਲ ਅਤੇ ਸਿਹਤ ਪੇਸ਼ੇਵਰ ਸੇਵਾਵਾਂ ਤੱਕ ਪਹੁੰਚ।

ਜੇਕਰ ਤੁਹਾਡੀਆਂ ਵਿਸ਼ੇਸ਼ ਦੇਖਭਾਲ ਲੋੜਾਂ ਹਨ, ਤਾਂ ਤੁਹਾਨੂੰ ਵੱਖਰੀਆਂ ਜਾਂ ਵਾਧੂ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ:

- ਵਿਸ਼ੇਸ਼ ਬਿਸਤਰੇ ਦੀਆਂ ਸਮੱਗਰੀਆਂ
- ਵਿਅਕਤੀਗਤ ਖ਼ੁਰਾਕ ਅਨੁਸਾਰ ਭੋਜਨ ਅਤੇ ਰਿਫਰੈਸ਼ਮੈਂਟ ਪਦਾਰਥ
- ਚੱਲਣ-ਫਿਰਣ ਵਿੱਚ ਮੱਦਦ ਕਰਨ ਵਾਲੇ ਸਾਧਨ, ਜਿਵੇਂ ਕਿ ਵਾਕਰ ਅਤੇ ਵ੍ਹੀਲਚੇਅਰ, ਪਰ ਇਨ੍ਹਾਂ ਵਿੱਚ ਮੋਟਰ ਚਲਿਤ ਵ੍ਹੀਲਚੇਅਰ, ਇਲੈਕਟ੍ਰਿਕ ਸਕੂਟਰ ਅਤੇ ਨਿੱਜੀ ਤੌਰ 'ਤੇ ਬਣਵਾਏ ਉਪਕਰਨ ਸ਼ਾਮਲ ਨਹੀਂ ਹੁੰਦੇ ਹਨ
- ਵਿਅਕਤੀਗਤ ਲੋੜਾਂ ਅਨੁਸਾਰ ਥੈਰੇਪੀ ਸੇਵਾਵਾਂ, ਜਿਵੇਂ ਕਿ ਸਪੀਚ ਥੈਰੇਪੀ, ਪੈਰਾਂ ਦੀ ਦੇਖਭਾਲ (ਪੋਡਿਆਟਰੀ) ਅਤੇ ਫਿਜ਼ੀਓਥੈਰੇਪੀ।

ਇਸ ਸੂਚੀ ਤੋਂ ਇਲਾਵਾ ਹੋਰ ਸੇਵਾਵਾਂ ਵੀ ਹੋ ਸਕਦੀਆਂ ਹਨ। ਤੁਸੀਂ ਉਨ੍ਹਾਂ ਬਾਰੇ ਆਪਣੇ ਬਿਰਧ ਦੇਖਭਾਲ ਘਰ ਨਾਲ ਗੱਲ ਕਰ ਸਕਦੇ ਹੋ।

1 My aged care ਨਾਲ ਸੰਪਰਕ ਕਰੋ

My Aged Care ਉਹ ਥਾਂ ਹੈ ਜਿੱਥੇ ਤੁਸੀਂ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਦਾ ਪ੍ਰਬੰਧਨ ਕਰ ਸਕਦੇ ਹੋ। ਤੁਸੀਂ My Aged Care ਨੂੰ ਔਨਲਾਈਨ, ਫ਼ੋਨ 'ਤੇ ਜਾਂ ਵਿਅਕਤੀਗਤ ਤੌਰ 'ਤੇ ਜਾ ਕੇ ਵਰਤ ਸਕਦੇ ਹੋ।

ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਲਈ ਤੁਹਾਨੂੰ ਇੱਕ ਮੁਲਾਂਕਣ ਕਰਵਾਉਣ ਦੀ ਲੋੜ ਹੁੰਦੀ ਹੈ। ਜੇਕਰ ਤੁਹਾਡਾ ਅਜੇ ਤੱਕ ਮੁਲਾਂਕਣ ਨਹੀਂ ਹੋਇਆ ਹੈ, ਤਾਂ ਤੁਸੀਂ ਤਿੰਨ ਤਰੀਕਿਆਂ ਵਿੱਚੋਂ ਕਿਸੇ ਇੱਕ ਰਾਹੀਂ ਅਰਜ਼ੀ ਦੇ ਸਕਦੇ ਹੋ:

ਔਨਲਾਈਨ

ਔਨਲਾਈਨ ਅਰਜ਼ੀ ਫਾਰਮ ਭਰਨ ਲਈ ਤੇਜ਼ ਅਤੇ ਵਰਤੋਂ ਵਿੱਚ ਆਸਾਨ ਹੈ। ਤੁਸੀਂ ਅਰਜ਼ੀ ਦੇਣ ਤੋਂ ਪਹਿਲਾਂ ਯੋਗਤਾ ਜਾਂਚਣ ਵਾਲਾ ਟੂਲ ਵੀ ਵਰਤ ਸਕਦੇ ਹੋ।

MyAgedCare.gov.au/Apply-Online ਵੈੱਬਸਾਈਟ 'ਤੇ ਜਾਓ।

ਟੈਲੀਫ਼ੋਨ ਰਾਹੀਂ

ਆਪਣੀਆਂ ਲੋੜਾਂ ਬਾਰੇ ਚਰਚਾ ਕਰਨ ਲਈ My Aged Care ਨੂੰ ਫ਼ੋਨ ਕਰੋ, ਅਤੇ ਫ਼ੋਨ ਰਾਹੀਂ ਮੁਲਾਂਕਣ ਲਈ ਅਰਜ਼ੀ ਭਰੋ। ਸੰਪਰਕ ਕੇਂਦਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਅਤੇ ਸ਼ਨੀਵਾਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ।

1800 200 422 'ਤੇ ਮੁਫ਼ਤ ਫ਼ੋਨ ਕਰੋ।

ਵਿਅਕਤੀਗਤ ਤੌਰ 'ਤੇ

ਆਮ ਜਾਣਕਾਰੀ ਅਤੇ ਸਹਾਇਤਾ ਲਈ Services Australia ਸੇਵਾ ਕੇਂਦਰ 'ਤੇ ਜਾਓ ਜਾਂ ਮੁਫ਼ਤ ਵਿਅਕਤੀਗਤ ਅਪੋਇੰਟਮੈਂਟ ਲਈ ਔਨਲਾਈਨ ਬੁੱਕ ਕਰੋ।

ਜ਼ਿਆਦਾ ਸਹਾਇਤਾ ਲਈ, ਤੁਸੀਂ ਕਿਸੇ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ [Aged Care Specialist Officer] ਨਾਲ ਵੀ ਗੱਲ ਕਰ ਸਕਦੇ ਹੋ ਜੇਕਰ ਤੁਹਾਡੇ ਇਲਾਕੇ ਵਿੱਚ ਕੋਈ ਮੌਜੂਦ ਹੋਵੇ, ਜਾਂ ਵੀਡੀਓ ਚੈਟ ਦੀ ਵਰਤੋਂ ਕਰ ਸਕਦੇ ਹੋ।

ServicesAustralia.gov.au/My-Aged-Care-Face-To-Face-Services 'ਤੇ ਜਾਓ।

Services Australia ਦੇ ਸੇਵਾ ਕੇਂਦਰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ।

1800 227 475 'ਤੇ ਮੁਫ਼ਤ ਫ਼ੋਨ ਕਰੋ।

*My Aged Care ਨਾਲ **1800 200 422** 'ਤੇ ਮੁਫ਼ਤ ਫ਼ੋਨ ਕਰਕੇ ਸੰਪਰਕ ਕਰੋ **MyAgedCare.gov.au** 'ਤੇ ਜਾਓ ਜਾਂ ਕਿਸੇ ਵੀ ਸਰਵਿਸਿਜ਼ ਆਸਟ੍ਰੇਲੀਆ ਸੇਵਾ ਕੇਂਦਰ 'ਤੇ ਜਾਓ।*

ਅਰਜ਼ੀ ਦਿੰਦੇ ਸਮੇਂ ਕੀ ਉਮੀਦ ਕਰਨੀ ਹੈ?

ਜਦੋਂ ਤੁਸੀਂ ਬਿਰਧ ਦੇਖਭਾਲ ਲਈ ਅਰਜ਼ੀ ਦਿੰਦੇ ਹੋ, ਤਾਂ ਅਸੀਂ ਤੁਹਾਨੂੰ ਇਹ ਪਤਾ ਲਗਾਉਣ ਲਈ ਕੁੱਝ ਸਵਾਲ ਪੁੱਛਾਂਗੇ ਕਿ ਕੀ ਤੁਸੀਂ ਮੁਲਾਂਕਣ ਲਈ ਯੋਗ ਹੋ ਜਾਂ ਨਹੀਂ। ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ ਕੁੱਝ ਨਿੱਜੀ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਹੋਵੇਗੀ ਜਿਸ ਵਿੱਚ ਤੁਹਾਡਾ ਮੈਡੀਕੇਅਰ ਨੰਬਰ ਅਤੇ ਸੰਪਰਕ ਵੇਰਵੇ ਸ਼ਾਮਲ ਹਨ। ਜੇਕਰ ਤੁਸੀਂ ਇੱਕ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵਿਅਕਤੀ ਹੋ, ਤਾਂ ਤੁਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਮੁਲਾਂਕਣ ਸੰਸਥਾ ਲਈ ਬੇਨਤੀ ਕਰਨ ਦੇ ਯੋਗ ਹੋਵੋਗੇ, ਜੇਕਰ ਇਹ ਉਪਲਬਧ ਹੋਵੇ।

ਅਰਜ਼ੀ ਦੇ ਦੌਰਾਨ, ਤੁਸੀਂ ਆਪਣੀ ਪਸੰਦ ਦੇ ਕਿਸੇ ਵਿਅਕਤੀ, ਜਿਵੇਂ ਕਿ ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲਕਰਤਾ ਨੂੰ ਆਪਣੇ ਰਜਿਸਟਰਡ ਸਹਾਇਕ ਵਜੋਂ ਰਜਿਸਟਰ ਕਰ ਸਕਦੇ ਹੋ। ਇਸਦਾ ਮਤਲਬ ਹੈ ਕਿ ਉਹ ਤੁਹਾਡੀ ਤਰਫ਼ੋਂ My Aged Care ਨਾਲ ਗੱਲ ਕਰ ਸਕਦੇ ਹਨ, ਫ਼ੈਸਲੇ ਲੈਣ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ ਅਤੇ ਤੁਹਾਡੀ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹਨ ਜਾਂ ਜਾਣਕਾਰੀ ਦੀ ਮੰਗ ਕਰ ਸਕਦੇ ਹਨ। ਤੁਸੀਂ ਕਿਸੇ ਵੀ ਸਮੇਂ ਆਪਣੇ ਰਜਿਸਟਰਡ ਸਹਾਇਕ ਬਦਲਣ ਦੀ ਬੇਨਤੀ ਕਰ ਸਕਦੇ ਹੋ।

ਅਸੀਂ ਤੁਹਾਡੇ ਤੋਂ ਤੁਹਾਡਾ ਵਿਅਕਤੀਗਤ ਗਾਹਕ ਰਿਕਾਰਡ ਬਣਾਉਣ ਲਈ ਆਗਿਆ ਵੀ ਮੰਗਾਂਗੇ। ਇਸ ਵਿੱਚ ਤੁਹਾਡੀਆਂ ਲੋੜਾਂ, ਕਿਸੇ ਵੀ ਮੁਲਾਂਕਣ ਦੇ ਨਤੀਜਿਆਂ ਅਤੇ ਤੁਹਾਨੂੰ ਮਿਲਣ ਵਾਲੀਆਂ ਕਿਸੇ ਵੀ ਸੇਵਾਵਾਂ ਬਾਰੇ ਨਵੀਨਤਮ ਜਾਣਕਾਰੀ ਹੋਵੇਗੀ। ਇਹ ਗਾਹਕ ਰਿਕਾਰਡ ਤੁਹਾਨੂੰ ਆਪਣੀ ਕਹਾਣੀ ਨੂੰ ਵਾਰ-ਵਾਰ ਸੁਣਾਉਣ ਦੀ ਜ਼ਰੂਰਤ ਨੂੰ ਘਟਾ ਦੇਵੇਗਾ।

ਤੁਸੀਂ ਆਪਣੇ ਗਾਹਕ ਰਿਕਾਰਡ ਨੂੰ ਆਪਣੇ My Aged Care ਔਨਲਾਈਨ ਖਾਤੇ ਰਾਹੀਂ ਵੇਖ ਸਕਦੇ ਹੋ। ਇਹ ਖਾਤਾ ਤੁਹਾਡੀਆਂ ਸੇਵਾਵਾਂ, ਤੁਹਾਡੇ ਨੁਮਾਇੰਦਿਆਂ ਅਤੇ ਨਿੱਜੀ ਵੇਰਵਿਆਂ ਦਾ ਪ੍ਰਬੰਧਨ ਕਰਨ ਦਾ ਇੱਕ ਮੁਫ਼ਤ ਅਤੇ ਸੁਰੱਖਿਅਤ ਤਰੀਕਾ ਹੈ। ਤੁਸੀਂ ਆਪਣੇ ਔਨਲਾਈਨ ਖਾਤੇ ਨੂੰ ਆਪਣੇ myGov ਖਾਤੇ ਨਾਲ ਲਿੰਕ ਕਰਕੇ ਵਰਤ ਸਕਦੇ ਹੋ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
MyAgedCare.gov.au/Access-Your-Information-Online

2 ਬਿਰਧ ਦੇਖਭਾਲ ਲਈ ਯੋਗਤਾ ਮੁਲਾਂਕਣ ਕਰਵਾਓ

ਬਿਰਧ ਦੇਖਭਾਲ ਲਈ ਯੋਗਤਾ ਮੁਲਾਂਕਣਾਂ ਨੂੰ ਸਰਲ ਬਣਾਉਣ ਅਤੇ ਬਿਹਤਰ ਬਣਾਉਣ ਲਈ ਇੱਕ ਨਵਾਂ ਸਿੰਗਲ ਅਸੈਸਮੈਂਟ ਸਿਸਟਮ (ਇੱਕੋ ਮੁਲਾਂਕਣ ਪ੍ਰਣਾਲੀ) ਲਾਗੂ ਕੀਤਾ ਗਿਆ ਹੈ। ਇਹ ਪ੍ਰਣਾਲੀ ਤੁਹਾਡੀਆਂ ਲੋੜਾਂ ਬਦਲਣ ਦੇ ਨਾਲ-ਨਾਲ ਤੁਹਾਡੇ ਲਈ ਬਿਰਧ ਦੇਖਭਾਲ ਅਤੇ ਵੱਖ-ਵੱਖ ਸੇਵਾਵਾਂ ਤੱਕ ਪਹੁੰਚ ਕਰਨਾ ਆਸਾਨ ਬਣਾਉਂਦੀ ਹੈ।

ਸਿੰਗਲ ਅਸੈਸਮੈਂਟ ਸਿਸਟਮ:

- ਤੁਹਾਡੇ ਲਈ, ਤੁਹਾਡੇ ਰਜਿਸਟਰਡ ਸਹਾਇਕਾਂ ਲਈ, ਤੁਹਾਡੇ ਪਰਿਵਾਰ ਅਤੇ ਦੇਖਭਾਲ ਕਰਨ ਵਾਲਿਆਂ ਲਈ ਆਸਾਨੀ ਨਾਲ ਵਰਤਣ ਯੋਗ ਹੈ
- ਤੁਹਾਨੂੰ ਆਪਣੀ ਕਹਾਣੀ ਵਾਰ-ਵਾਰ ਦੱਸਣ ਦੀ ਲੋੜ ਨੂੰ ਘਟਾਉਂਦਾ ਹੈ
- ਮੁਲਾਂਕਣ ਸੇਵਾ ਪ੍ਰਦਾਤਾ ਨੂੰ ਬਦਲਣ ਦੀ ਲੋੜ ਤੋਂ ਬਿਨਾਂ, ਤੁਹਾਡੀਆਂ ਬਦਲਦੀਆਂ ਲੋੜਾਂ ਦੇ ਅਨੁਸਾਰ ਢਲਦਾ ਹੈ
- ਖੇਤਰੀ, ਦਿਹਾਤੀ ਅਤੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਮੁਲਾਂਕਣਾਂ ਤੱਕ ਪਹੁੰਚ ਨੂੰ ਯਕੀਨੀ ਬਣਾਉਂਦਾ ਹੈ।

ਬਿਰਧ ਦੇਖਭਾਲ ਸੇਵਾ ਦੀ ਜ਼ਰੂਰਤ ਦਾ ਮੁਲਾਂਕਣ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਹੁਣ ਇਹ ਕਰ ਸਕਦੀਆਂ ਹਨ:

- ਕੌਮਨਵੈਲਥ ਹੋਮ ਸਪੋਰਟ ਪ੍ਰੋਗਰਾਮ ਲਈ ਘਰੇਲੂ ਸਹਾਇਤਾ ਮੁਲਾਂਕਣ
- 'ਸਪੋਰਟ ਐਟ ਹੋਮ' ਪ੍ਰੋਗਰਾਮ, ਰਿਹਾਇਸ਼ੀ ਰੈਸਪਾਈਟ ਕੇਅਰ ਅਤੇ ਰਿਹਾਇਸ਼ੀ ਬਿਰਧ ਦੇਖਭਾਲ ਵਿੱਚ ਦਾਖਲੇ ਲਈ ਸੰਪੂਰਨ ਮੁਲਾਂਕਣ।

ਇਹ ਮੁਲਾਂਕਣ ਨੈਸ਼ਨਲ ਐਬੋਰਿਜ਼ਨਲ ਐਂਡ ਟੋਰੇਸ ਸਟ੍ਰੇਟ ਆਈਲੈਂਡਰ ਫ਼ਲੈਕਸੀਬਲ ਏਜਡ ਕੇਅਰ, ਬਹੁ-ਉਦੇਸ਼ੀ ਸੇਵਾਵਾਂ ਅਤੇ ਟ੍ਰਾਂਜ਼ੀਸ਼ਨਲ ਕੇਅਰ ਪ੍ਰੋਗਰਾਮ ਸੇਵਾਵਾਂ ਤੱਕ ਪਹੁੰਚ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ।

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਮੁਲਾਂਕਣ ਸੰਸਥਾਵਾਂ ਵੀ 1 ਜੁਲਾਈ 2025 ਤੋਂ ਪੜਾਅਵਾਰ ਢੰਗ ਨਾਲ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਇਹ ਸੰਸਥਾਵਾਂ ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਬਿਰਧ ਦੇਖਭਾਲ ਸਹੂਲਤਾਂ ਤੱਕ ਪਹੁੰਚ ਕਰਨ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸਦਮੇ ਪ੍ਰਤੀ ਜਾਗਰੂਕ ਅਤੇ ਇਲਾਜ ਸੰਬੰਧੀ ਸੂਚਿਤ ਰਸਤੇ ਪ੍ਰਦਾਨ ਕਰਦੀਆਂ ਹਨ।

ਮੁਲਾਂਕਣ ਕਿਵੇਂ ਕੰਮ ਕਰਦਾ ਹੈ?

ਇੱਕ ਵਾਰ ਜਦੋਂ ਤੁਸੀਂ My Aged Care ਨਾਲ ਮੁਲਾਂਕਣ ਲਈ ਰਜਿਸਟਰ ਕਰ ਲੈਂਦੇ ਹੋ, ਤਾਂ ਇੱਕ ਸਥਾਨਕ ਮੁਲਾਂਕਣ ਸੰਸਥਾ ਤੁਹਾਡੇ ਰੈਫ਼ਰਲ ਨੂੰ ਸਵੀਕਾਰ ਕਰਨ ਦੇ 2-6 ਹਫ਼ਤਿਆਂ ਦੇ ਅੰਦਰ ਤੁਹਾਡੇ ਨਾਲ ਸੰਪਰਕ ਕਰੇਗੀ।

ਤੁਹਾਡੇ ਬੁੱਕ ਕੀਤੇ ਸਮੇਂ ਅਤੇ ਮਿਤੀ ਨੂੰ ਤੁਹਾਡਾ ਮੁਲਾਂਕਣ ਕਰਨ ਲਈ ਇੱਕ ਮੁਲਾਂਕਣਕਰਤਾ ਤੁਹਾਡੇ ਘਰ ਆਵੇਗਾ। ਤੁਸੀਂ ਮੁਲਾਂਕਣ ਵਿੱਚ ਆਪਣੇ ਕਿਸੇ ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲ ਕਰਨ ਵਾਲੇ ਨੂੰ ਤੁਹਾਡੀ ਸਹਾਇਤਾ ਲਈ, ਜਾਂ ਤੁਹਾਡੀ ਥਾਂ ਗੱਲ ਕਰਨ ਲਈ ਨਾਲ ਰੱਖ ਸਕਦੇ ਹੋ। ਬਿਰਧ ਦੇਖਭਾਲ ਲਈ ਯੋਗਤਾ ਦੇ ਮੁਲਾਂਕਣ ਮੁਫ਼ਤ ਹਨ।

ਜੇਕਰ ਤੁਸੀਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬਜ਼ੁਰਗ ਵਿਅਕਤੀ ਹੋ ਤਾਂ ਤੁਸੀਂ ਮੁਲਾਂਕਣ ਵਿੱਚ ਤੁਹਾਡੀ ਸਹਾਇਤਾ ਲਈ ਇੱਕ ਬਜ਼ੁਰਗ ਦੇਖਭਾਲ ਸਹਾਇਤਾ ਕਰਮਚਾਰੀ ਨੂੰ ਨਾਲ ਰੱਖਣਾ ਪਸੰਦ ਕਰ ਸਕਦੇ ਹੋ। ਮੁਲਾਂਕਣਕਰਤਾ ਤੁਹਾਡੀ ਤੁਹਾਡੇ ਮੁਲਾਂਕਣ ਵਿੱਚ ਸਹਾਇਤਾ ਕਰਨ ਲਈ ਦੁਭਾਸ਼ੀਆ ਸਹਾਇਤਾ ਵੀ ਦੇ ਸਕਦੇ ਹਨ।

ਜੇਕਰ ਵਿਅਕਤੀਗਤ ਰੂਪ ਵਿੱਚ ਮਿਲਕੇ ਮੁਲਾਂਕਣ ਕਰਨਾ ਸੰਭਵ ਨਾ ਹੋਵੇ, ਤਾਂ ਤੁਹਾਡਾ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਟੈਲੀਫ਼ੋਨ ਜਾਂ ਵੀਡੀਓ ਮੀਟਿੰਗ ਰਾਹੀਂ ਮੁਲਾਂਕਣ ਕਰਨ ਦਾ ਪ੍ਰਬੰਧ ਕਰ ਸਕਦਾ ਹੈ। ਇਹ ਉਦੋਂ ਹੋ ਸਕਦਾ ਹੈ ਜੇਕਰ ਤੁਸੀਂ ਕਿਸੇ ਦੂਰ-ਦੁਰਾਡੇ ਇਲਾਕੇ ਵਿੱਚ ਰਹਿੰਦੇ ਹੋਵੋ, ਹਸਪਤਾਲ ਵਿੱਚ ਹੋਵੋ, ਜਾਂ ਅਸਾਧਾਰਨ ਹਾਲਾਤਾਂ ਵਿੱਚ ਹੋ (ਉਦਾਹਰਣ ਵਜੋਂ, ਕੋਈ ਗੰਭੀਰ ਮੌਸਮੀ ਘਟਨਾ)।

ਤੁਹਾਡੇ ਮੁਲਾਂਕਣ ਦੌਰਾਨ, ਇੱਕ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਤੁਹਾਨੂੰ ਤੁਹਾਡੀਆਂ ਰੋਜ਼ਮਰ੍ਹਾ ਦੀਆਂ ਗਤੀਵਿਧੀਆਂ, ਤੁਹਾਡੀਆਂ ਲੋੜਾਂ ਅਤੇ ਪਸੰਦਾਂ, ਤੁਸੀਂ ਕੀ ਵਧੀਆ ਕਰ ਸਕਦੇ ਹੋ, ਤੁਹਾਨੂੰ ਕੀ ਕਰਨ ਵਿੱਚ ਮੱਦਦ ਦੀ ਲੋੜ ਹੈ, ਅਤੇ ਤੁਸੀਂ ਕੀ ਕਰਨ ਦੇ ਯੋਗ ਹੋਣਾ ਚਾਹੁੰਦੇ ਹੋ, ਬਾਰੇ ਪੁੱਛੇਗਾ।

ਤੁਹਾਡੇ ਮੁਲਾਂਕਣ ਦਾ ਨਤੀਜਾ

ਤੁਹਾਡਾ ਮੁਲਾਂਕਣ ਕਰਨ ਤੋਂ ਬਾਅਦ, ਮੁਲਾਂਕਣਕਰਤਾ ਆਪਣੇ ਸੁਝਾਅ ਇੱਕ ਡੈਲੀਗੇਟ ਨੂੰ ਭੇਜੇਗਾ – ਇਹ ਡੈਲੀਗੇਟ ਇੱਕ ਸੁਤੰਤਰ ਵਿਅਕਤੀ ਹੁੰਦਾ ਹੈ ਜੋ ਆਸਟ੍ਰੇਲੀਆਈ ਸਰਕਾਰ ਵੱਲੋਂ ਤੁਹਾਨੂੰ ਬਿਰਧ ਦੇਖਭਾਲ ਤੱਕ ਪਹੁੰਚ ਦੇਣ ਦੇ ਫ਼ੈਸਲੇ ਕਰਨ ਲਈ ਨਿਯੁਕਤ ਕੀਤਾ ਜਾਂਦਾ ਹੈ।

ਫਿਰ ਡੈਲੀਗੇਟ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਬਾਰੇ ਇੱਕ ਆਧਿਕਾਰਿਕ ਫ਼ੈਸਲਾ ਲਵੇਗਾ। ਜੇਕਰ ਤੁਹਾਨੂੰ ਕਿਸੇ ਬਿਰਧ ਦੇਖਭਾਲ ਘਰ ਵਿੱਚ ਦਾਖਲੇ ਲਈ ਯੋਗ ਮੰਨਿਆ ਜਾਂਦਾ ਹੈ, ਤਾਂ ਤੁਹਾਨੂੰ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਤੋਂ ਇੱਕ ਮੰਨਜ਼ੂਰੀ ਪੱਤਰ ਅਤੇ ਸਹਾਇਤਾ ਯੋਜਨਾ ਪ੍ਰਾਪਤ ਹੋਵੇਗੀ ਜਿਸ ਵਿੱਚ ਦਰਸਾਇਆ ਹੋਏਗਾ ਕਿ ਤੁਹਾਨੂੰ ਕਿਹੜੀਆਂ ਸੇਵਾਵਾਂ ਲੈਣ ਲਈ ਮੰਨਜ਼ੂਰੀ ਮਿਲੀ ਹੈ।

ਸਹਾਇਤਾ ਯੋਜਨਾ ਵਿੱਚ ਇੱਕ ਵਿਲੱਖਣ ਰੈਫ਼ਰਲ ਕੋਡ ਸ਼ਾਮਲ ਹੋਵੇਗਾ, ਜੋ ਤੁਸੀਂ ਬਿਰਧ ਦੇਖਭਾਲ ਘਰ ਵਿੱਚ ਜਾਣ ਦਾ ਫ਼ੈਸਲਾ ਕਰਨ 'ਤੇ ਆਪਣੇ ਚੁਣੇ ਹੋਏ ਪ੍ਰਦਾਤਾ ਨੂੰ ਦਿੰਦੇ ਹੋ। ਬਿਰਧ ਦੇਖਭਾਲ ਘਰ ਦਾਖਲ ਹੋਣ ਬਾਰੇ ਫ਼ੈਸਲੇ ਤੁਹਾਡੀ ਸਹਿਮਤੀ ਨਾਲ ਲਏ ਜਾਣੇ ਚਾਹੀਦੇ ਹਨ।

ਜੇਕਰ ਤੁਹਾਨੂੰ ਕਿਸੇ ਬਿਰਧ ਦੇਖਭਾਲ ਘਰ ਵਿੱਚ ਦਾਖਲੇ ਲਈ ਮੰਨਜ਼ੂਰੀ ਨਹੀਂ ਮਿਲਦੀ, ਤਾਂ ਤੁਹਾਨੂੰ ਇੱਕ ਪੱਤਰ ਮਿਲੇਗਾ ਜਿਸ ਵਿੱਚ ਕਾਰਨ ਦਿੱਤੇ ਜਾਣਗੇ ਅਤੇ ਇਹ ਵੀ ਦੱਸਿਆ ਜਾਵੇਗਾ ਕਿ ਹੋਰ ਮੱਦਦ ਲਈ ਕਿਸ ਨਾਲ ਸੰਪਰਕ ਕਰਨਾ ਹੈ। ਤੁਸੀਂ ਹੋਰ ਦੇਖਭਾਲ ਅਤੇ ਸੇਵਾਵਾਂ ਲਈ ਯੋਗ ਹੋ ਸਕਦੇ ਹੋ ਅਤੇ ਜੇਕਰ ਅਜਿਹਾ ਹੈ, ਤਾਂ ਇਹ ਜਾਣਕਾਰੀ ਵੀ ਤੁਹਾਡੇ ਪੱਤਰ ਵਿੱਚ ਸ਼ਾਮਲ ਕੀਤੀ ਜਾਵੇਗੀ।

ਜੇਕਰ ਤੁਹਾਨੂੰ ਆਪਣੇ ਮੁਲਾਂਕਣ ਫ਼ੈਸਲੇ ਦੀ ਵਿਆਖਿਆ ਕਰਨ ਵਾਲਾ ਮੰਨਜ਼ੂਰੀ ਪੱਤਰ ਪ੍ਰਾਪਤ ਨਹੀਂ ਹੁੰਦਾ, ਤਾਂ ਤੁਹਾਨੂੰ ਪਹਿਲਾਂ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ My Aged Care ਨੂੰ **1800 200 422** 'ਤੇ ਫ਼ੋਨ ਕਰਕੇ ਇੱਕ ਕਾਪੀ ਮੰਗਣੀ ਚਾਹੀਦੀ ਹੈ।

ਜੇਕਰ ਤੁਹਾਡੀਆਂ ਲੋੜਾਂ ਸਮੇਂ ਦੇ ਨਾਲ ਬਦਲ ਜਾਂਦੀਆਂ ਹਨ ਅਤੇ ਤੁਸੀਂ ਪਹਿਲਾਂ ਹੀ ਉਹਨਾਂ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰ ਰਹੇ ਹੋ ਜਿਨ੍ਹਾਂ ਲਈ ਤੁਹਾਡਾ ਮੁਲਾਂਕਣ ਕੀਤਾ ਗਿਆ ਹੈ, ਤਾਂ ਤੁਹਾਨੂੰ ਮੁੜ ਮੁਲਾਂਕਣ ਦੀ ਲੋੜ ਨਹੀਂ ਹੈ।

ਮੁਲਾਂਕਣ ਬਾਰੇ ਸ਼ਿਕਾਇਤਾਂ

ਜੇਕਰ ਤੁਹਾਨੂੰ ਆਪਣੇ ਮੁਲਾਂਕਣ ਬਾਰੇ ਕੋਈ ਚਿੰਤਾਵਾਂ ਹਨ, ਤਾਂ ਪਹਿਲਾਂ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਨਾਲ ਸਿੱਧੀ ਗੱਲ ਕਰਨ ਦੀ ਕੋਸ਼ਿਸ਼ ਕਰੋ, ਕਿਉਂਕਿ ਇਸ ਤਰ੍ਹਾਂ ਹੱਲ ਕੱਢਣਾ ਸੰਭਵ ਹੋ ਸਕਦਾ ਹੈ।

ਬਿਰਧ ਦੇਖਭਾਲ ਮੁਲਾਂਕਣ ਸੰਸਥਾਵਾਂ ਕੋਲ ਸ਼ਿਕਾਇਤਾਂ ਨਾਲ ਨਜਿੱਠਣ ਦੀਆਂ ਪ੍ਰਕਿਰਿਆਵਾਂ ਹੁੰਦੀਆਂ ਹਨ, ਅਤੇ ਉਹ ਤੁਹਾਡੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰਨਗੀਆਂ।

ਜੇਕਰ ਤੁਸੀਂ ਅਤੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਇਸ ਮੁੱਦੇ ਨੂੰ ਹੱਲ ਨਹੀਂ ਕਰ ਸਕਦੇ, ਜਾਂ ਤੁਸੀਂ ਉਨ੍ਹਾਂ ਨਾਲ ਸਿੱਧਾ ਸੰਪਰਕ ਕਰਨ ਵਿੱਚ ਅਸਹਿਜ ਮਹਿਸੂਸ ਕਰਦੇ ਹੋ, My Aged Care ਨਾਲ **1800 200 422** 'ਤੇ ਮੁਫ਼ਤ ਫ਼ੋਨ ਕਰਕੇ ਸੰਪਰਕ ਕਰੋ।

ਰਿਹਾਇਸ਼ੀ ਰੈਸਪਾਈਟ ਕੇਅਰ - ਬਿਰਧ ਦੇਖਭਾਲ ਘਰ ਵਿੱਚ ਥੋੜ੍ਹੇ ਸਮੇਂ ਲਈ ਠਹਿਰਣਾ

ਜੇਕਰ ਤੁਹਾਡੇ ਘਰ ਵਿੱਚ ਦੇਖਭਾਲ ਕਰਨ ਵਾਲੇ ਕਿਸੇ ਕਾਰਨ ਕਰਕੇ ਤੁਹਾਡੀ ਦੇਖਭਾਲ ਨਹੀਂ ਕਰ ਸਕਦੇ, ਤਾਂ ਤੁਸੀਂ ਕੁੱਝ ਸਮੇਂ ਲਈ ਬਿਰਧ ਦੇਖਭਾਲ ਘਰ ਵਿੱਚ ਰਹਿ ਸਕਦੇ ਹੋ। ਇਸਨੂੰ 'ਰਿਹਾਇਸ਼ੀ ਰੈਸਪਾਈਟ ਕੇਅਰ' ਕਿਹਾ ਜਾਂਦਾ ਹੈ ਅਤੇ ਇਸਦੀ ਯੋਜਨਾਬੱਧ ਜਾਂ ਐਮਰਜੈਂਸੀ ਆਧਾਰ 'ਤੇ ਲਈ ਜਾ ਸਕਦੀ ਹੈ।

ਉਪਲਬਧ ਦੇਖਭਾਲ

ਬਿਰਧ ਦੇਖਭਾਲ ਘਰ ਨੂੰ ਤੁਹਾਨੂੰ ਉਹੀ ਪੱਧਰ ਦੀ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ ਜੋ ਤੁਹਾਨੂੰ ਘਰ ਵਿੱਚ ਪੱਕੇ ਤੌਰ 'ਤੇ ਰਹਿਣ 'ਤੇ ਮਿਲਣਗੀਆਂ।

ਤੁਸੀਂ ਹਰੇਕ ਵਿੱਤੀ ਸਾਲ ਵਿੱਚ 63 ਦਿਨਾਂ ਤੱਕ ਦੀ ਰਿਹਾਇਸ਼ੀ ਰੈਸਪਾਈਟ ਕੇਅਰ ਪ੍ਰਾਪਤ ਕਰ ਸਕਦੇ ਹੋ। ਤੁਸੀਂ ਜਾਂ ਤੁਹਾਡਾ ਸੇਵਾ ਪ੍ਰਦਾਤਾ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਨਾਲ ਸੰਪਰਕ ਕਰਕੇ ਇਸ ਸਮੇਂ ਨੂੰ 21 ਦਿਨਾਂ ਦੇ ਹਿੱਸਿਆਂ ਵਿੱਚ ਵਧਾਉਣ ਦੀ ਬੇਨਤੀ ਕਰ ਸਕਦੇ ਹੋ।

ਰਿਹਾਇਸ਼ੀ ਰੈਸਪਾਈਟ ਕੇਅਰ ਤੱਕ ਪਹੁੰਚ

ਤੁਹਾਡੇ ਲਈ ਬਿਰਧ ਦੇਖਭਾਲ ਘਰ ਵਿੱਚ ਰੈਸਪਾਈਟ ਕੇਅਰ ਲੈਣ ਲਈ ਮੁਲਾਂਕਣ ਕਰਵਾਉਣਾ ਲਾਜ਼ਮੀ ਹੈ। ਕਿਹੜੇ ਬਿਰਧ ਦੇਖਭਾਲ ਘਰ ਰਿਹਾਇਸ਼ੀ ਰੈਸਪਾਈਟ ਕੇਅਰ ਪ੍ਰਦਾਨ ਕਰਦੇ ਹਨ, ਇਸ ਬਾਰੇ ਜਾਣਕਾਰੀ My Aged Care ਦੀ ਵੈੱਬਸਾਈਟ 'ਤੇ ਉਪਲਬਧ ਹੈ। ਸਾਰੇ ਬਿਰਧ ਦੇਖਭਾਲ ਘਰ ਰਿਹਾਇਸ਼ੀ ਰੈਸਪਾਈਟ ਸੇਵਾਵਾਂ ਨਹੀਂ ਦਿੰਦੇ ਹਨ, ਇਸ ਲਈ ਸੇਵਾਵਾਂ ਦੀ ਉਪਲਬਧਤਾ ਇਲਾਕਾ-ਦਰ-ਇਲਾਕਾ ਵੱਖ-ਵੱਖ ਹੋ ਸਕਦੀ ਹੈ। ਤੁਹਾਨੂੰ ਇਹ ਪਤਾ ਲਗਾਉਣ ਲਈ ਇਨ੍ਹਾਂ ਘਰਾਂ ਨਾਲ ਵੱਖੋ-ਵੱਖ ਸੰਪਰਕ ਕਰਨਾ ਪਵੇਗਾ ਕਿ ਕੀ ਉਨ੍ਹਾਂ ਕੋਲ ਖ਼ਾਲੀ ਜਗ੍ਹਾ ਉਪਲਬਧ ਹੈ।

ਜੇਕਰ ਤੁਹਾਨੂੰ ਐਮਰਜੈਂਸੀ ਰੈਸਪਾਈਟ ਕੇਅਰ, ਜਾਂ ਵਾਧੂ ਦੇਖਭਾਲਕਰਤਾ ਦੀ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਕੇਅਰਰ ਗੇਟਵੇਅ ਨਾਲ ਸੰਪਰਕ ਕਰ ਸਕਦੇ ਹੋ:

- ਕੰਮਕਾਜੀ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1800 422 737** 'ਤੇ ਮੁਫ਼ਤ ਕਾਲ ਕਰੋ।
- ਦੇਖਭਾਲ ਕਰਨ ਵਾਲਿਆਂ ਦੀ ਸਹਾਇਤਾ ਲਈ ਸੇਵਾਵਾਂ ਬਾਰੇ ਹੋਰ ਜਾਣਨ ਲਈ **CarerGateway.gov.au** ਵੈੱਬਸਾਈਟ 'ਤੇ ਜਾਓ।

ਪੰਨਾ 16 'ਤੇ ਰਿਹਾਇਸ਼ੀ ਰੈਸਪਾਈਟ ਕੇਅਰ ਖ਼ਰਚੇ ਵੀ ਵੇਖੋ।

ਬਿਰਧ ਦੇਖਭਾਲ ਘਰ ਵਿੱਚ ਦਾਖ਼ਲ ਹੋਣ ਦਾ ਰਸਤਾ

ਜਦੋਂ ਤੁਸੀਂ ਮੁਲਾਂਕਣ ਕਰਵਾ ਲੈਂਦੇ ਹੋ ਅਤੇ ਤੁਹਾਨੂੰ ਰਿਹਾਇਸ਼ੀ ਬਿਰਧ ਦੇਖਭਾਲ ਲਈ ਮੰਨਜ਼ੂਰੀ ਪੱਤਰ ਮਿਲ ਜਾਂਦਾ ਹੈ, ਤਾਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਦਾਖਲਾ ਲੈਣ ਅਤੇ ਆਪਣੀਆਂ ਸੇਵਾਵਾਂ ਦਾ ਪ੍ਰਬੰਧਨ ਕਰਨ ਲਈ ਇਹ ਕਦਮ ਚੁੱਕੋ:

1. ਖ਼ਰਚਿਆਂ ਦਾ ਹਿਸਾਬ ਲਗਾਓ
2. ਬਿਰਧ ਦੇਖਭਾਲ ਘਰ ਲੱਭੋ
3. ਕਿਸੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਅਰਜ਼ੀ ਦਿਓ ਅਤੇ ਪੇਸ਼ਕਸ਼ ਸਵੀਕਾਰ ਕਰੋ
4. ਆਪਣੇ ਬਿਰਧ ਦੇਖਭਾਲ ਘਰ ਨਾਲ ਸਮਝੌਤੇ 'ਤੇ ਦਸਤਖ਼ਤ ਕਰੋ
5. ਆਪਣੀ ਦੇਖਭਾਲ ਅਤੇ ਸੇਵਾਵਾਂ ਦਾ ਪ੍ਰਬੰਧਨ ਕਰੋ

*My Aged Care ਨਾਲ **1800 200 422** 'ਤੇ ਮੁਫ਼ਤ ਫ਼ੋਨ ਕਰਕੇ ਸੰਪਰਕ ਕਰੋ **MyAgedCare.gov.au** 'ਤੇ ਜਾਓ ਜਾਂ ਕਿਸੇ ਵੀ ਸਰਵਿਸਿਜ਼ ਆਸਟ੍ਰੇਲੀਆ ਸੇਵਾ ਕੇਂਦਰ 'ਤੇ ਜਾਓ।*

1 ਖ਼ਰਚਿਆਂ ਦਾ ਹਿਸਾਬ ਲਗਾਓ

ਆਸਟ੍ਰੇਲੀਆਈ ਸਰਕਾਰ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਨੂੰ ਸਬਸਿਡੀ ਦਿੰਦੀ ਹੈ ਤਾਂ ਜੋ ਫ਼ੀਸਾਂ ਨੂੰ ਵਾਜਬ ਅਤੇ ਕਿਫਾਇਤੀ ਪੱਧਰ 'ਤੇ ਰੱਖਿਆ ਜਾ ਸਕੇ। ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਦੇ ਆਧਾਰ 'ਤੇ ਸਬਸਿਡੀਆਂ ਸਿੱਧੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਨੂੰ ਦਿੱਤੀਆਂ ਜਾਂਦੀਆਂ ਹਨ।

ਔਸਤਨ, ਸਰਕਾਰ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਦੇ ਹਰੇਕ ਸਥਾਈ ਨਿਵਾਸੀ ਲਈ ਸਾਲਾਨਾ ਲਗਭਗ $119,000 ਦਾ ਯੋਗਦਾਨ ਪਾਉਂਦੀ ਹੈ। ਇਹ ਰਕਮ ਹਰ ਸਾਲ ਵਧਦੀ ਰਹਿੰਦੀ ਹੈ।

ਜੇਕਰ ਤੁਸੀਂ ਅਜਿਹਾ ਕਰਨ ਦੇ ਸਮਰੱਥ ਹੋ ਤਾਂ ਤੁਹਾਨੂੰ ਆਪਣੇ ਰੋਜ਼ਾਨਾ ਜੀਵਨ ਦੇ ਖ਼ਰਚਿਆਂ, ਗ਼ੈਰ-ਕਲੀਨਿਕਲ ਦੇਖਭਾਲ ਅਤੇ ਰਿਹਾਇਸ਼ ਵਿੱਚ ਯੋਗਦਾਨ ਪਾਉਣ ਦੀ ਜ਼ਰੂਰਤ ਹੋਵੇਗੀ।

ਆਪਣੀਆਂ ਫ਼ੀਸਾਂ, ਯੋਗਦਾਨਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਅੰਦਾਜ਼ਾ ਪ੍ਰਾਪਤ ਕਰਨ ਲਈ, My Aged Care ਦੀ ਵੈੱਬਸਾਈਟ **MyAgedCare.gov.au/Aged-Care-Home-Fee-Estimator** 'ਤੇ ਫ਼ੀਸ ਅਨੁਮਾਨਕ ਦੀ ਵਰਤੋਂ ਕਰੋ।

ਜ਼ਿਆਦਾ ਸਹਾਇਤਾ ਲਈ, ਤੁਸੀਂ ਕਿਸੇ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਨਾਲ ਵੀ ਗੱਲ ਕਰ ਸਕਦੇ ਹੋ ਜੇਕਰ ਤੁਹਾਡੇ ਇਲਾਕੇ ਵਿੱਚ ਕੋਈ ਹੈ, ਜਾਂ ਵੀਡੀਓ ਚੈਟ ਦੀ ਵਰਤੋਂ ਕਰ ਸਕਦੇ ਹੋ।

ServicesAustralia.gov.au/My-Aged-Care-Face-To-Face-Services ਵੈੱਬਸਾਈਟ 'ਤੇ ਜਾਓ।

ਕੰਮਕਾਜੀ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1800 227 475** 'ਤੇ ਮੁਫ਼ਤ ਕਾਲ ਕਰੋ।

ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ੀ ਖ਼ਰਚੇ

ਜੇਕਰ ਤੁਸੀਂ 1 ਨਵੰਬਰ 2025 ਤੋਂ ਬਾਅਦ ਰਿਹਾਇਸ਼ੀ ਬਿਰਧ ਦੇਖਭਾਲ ਵਿੱਚ ਦਾਖਲ ਹੁੰਦੇ ਹੋ, ਤਾਂ ਤੁਹਾਡੇ ਲਈ ਦੋ ਵੱਖ-ਵੱਖ ਕਿਸਮਾਂ ਦੇ ਫ਼ੀਸ ਪ੍ਰਬੰਧਾਂ ਵਿੱਚੋਂ ਇੱਕ ਲਾਗੂ ਹੋ ਸਕਦਾ ਹੈ।

ਜੇਕਰ ਤੁਸੀਂ 12 ਸਤੰਬਰ 2024 ਨੂੰ ਹੋਮ ਕੇਅਰ ਪੈਕੇਜ ਲੈ ਰਹੇ ਸੀ ਜਾਂ ਤੁਹਾਨੂੰ ਇਹ ਪੈਕੇਜ ਮਿਲਣ ਲਈ ਮੰਨਜ਼ੂਰੀ ਮਿਲੀ ਹੋਈ ਸੀ ਪਰ ਤੁਸੀਂ ਉਡੀਕ ਕਰ ਰਹੇ ਸੀ, ਤਾਂ ਤੁਸੀਂ 1 ਜੁਲਾਈ 2014 ਵਾਲੇ ਫ਼ੀਸ ਪ੍ਰਬੰਧਾਂ ਅਨੁਸਾਰ ਭੁਗਤਾਨ ਕਰੋਗੇ। ਹੋਰ ਸਾਰੇ ਮਾਮਲਿਆਂ ਵਿੱਚ, ਤੁਹਾਡੇ ਲਈ 1 ਨਵੰਬਰ 2025 ਦੇ ਨਵੇਂ ਫ਼ੀਸ ਪ੍ਰਬੰਧ ਲਾਗੂ ਹੋਣਗੇ।

12 ਸਤੰਬਰ 2024 ਤੋਂ ਬਾਅਦ "ਹੋਮ ਕੇਅਰ ਪੈਕੇਜ" ਲਈ ਮੰਨਜ਼ੂਰੀ ਮਿਲੀ ਹੈ:

- ਮੁੱਢਲੀ ਰੋਜ਼ਾਨਾ ਫ਼ੀਸ
- ਹੋਟਲਿੰਗ ਯੋਗਦਾਨ ਰਕਮ
- ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਰਕਮ
- ਉੱਚ ਪੱਧਰੀ ਰੋਜ਼ਾਨਾ ਜੀਵਨ ਫ਼ੀਸ।

12 ਸਤੰਬਰ 2024 ਨੂੰ ਜਾਂ ਇਸ ਤੋਂ ਪਹਿਲਾਂ "ਹੋਮ ਕੇਅਰ ਪੈਕੇਜ" ਮੰਨਜ਼ੂਰੀ ਮਿਲੀ ਹੈ:

- ਮੁੱਢਲੀ ਰੋਜ਼ਾਨਾ ਫ਼ੀਸ
- ਆਮਦਨੀ ਅਤੇ ਸਪੰਤੀ ਮੁਲਾਂਕਣ ਅਧਾਰਿਤ ਦੇਖਭਾਲ ਫ਼ੀਸ
- ਉੱਚ ਪੱਧਰੀ ਰੋਜ਼ਾਨਾ ਜੀਵਨ ਫ਼ੀਸ।

ਇਹਨਾਂ ਫ਼ੀਸਾਂ ਅਤੇ ਯੋਗਦਾਨਾਂ ਤੋਂ ਇਲਾਵਾ, ਦੇਖਭਾਲ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਨੂੰ ਆਪਣੇ ਰਿਹਾਇਸ਼ੀ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਹੇਠਾਂ ਫ਼ੀਸਾਂ ਦੀਆਂ ਕਿਸਮਾਂ ਦੀ ਸੂਚੀ ਦਿੱਤੀ ਗਈ ਹੈ।

- **ਮੁੱਢਲੀ ਰੋਜ਼ਾਨਾ ਫ਼ੀਸ**

  ਇਸ ਵਿੱਚ ਰੋਜ਼ਾਨਾ ਰਹਿਣ-ਸਹਿਣ ਦੇ ਖ਼ਰਚੇ ਜਿਵੇਂ ਕਿ ਖਾਣਾ, ਬਿਜਲੀ ਅਤੇ ਕੱਪੜੇ ਧੋਣ ਦਾ ਖ਼ਰਚਾ ਸ਼ਾਮਲ ਹੈ। ਇਹ ਫ਼ੀਸ ਹਰ ਵਿਅਕਤੀ ਨੂੰ ਦੇਣੀ ਪੈਂਦੀ ਹੈ ਅਤੇ ਕੁੱਝ ਲੋਕਾਂ ਲਈ ਇਹ ਇਕੱਲੀ ਹੀ ਉਹ ਲਾਜ਼ਮੀ ਫ਼ੀਸ ਹੋ ਸਕਦੀ ਹੈ, ਜੋ ਉਹਨਾਂ ਨੂੰ ਅਦਾ ਕਰਨ ਦੀ ਲੋੜ ਹੁੰਦੀ ਹੈ।

  ਵੈਟਰਨਜ਼ ਅਫ਼ੇਅਰਜ਼ ਵਿਭਾਗ (DVA) ਉਹਨਾਂ ਯੋਗ ਸਾਬਕਾ ਜੰਗੀ ਕੈਦੀਆਂ (POW) ਅਤੇ ਵਿਕਟੋਰੀਆ ਕਰਾਸ (VC) ਪ੍ਰਾਪਤਕਰਤਾਵਾਂ ਲਈ ਇਹ ਮੁੱਢਲੀ ਰੋਜ਼ਾਨਾ ਫ਼ੀਸ ਦਾ ਭੁਗਤਾਨ ਕਰੇਗਾ।

- **ਹੋਟਲਿੰਗ ਯੋਗਦਾਨ ਰਕਮ (1 ਨਵੰਬਰ 2025 ਤੋਂ ਫ਼ੀਸ ਦੇ ਪ੍ਰਬੰਧ)**

  ਆਸਟ੍ਰੇਲੀਆਈ ਸਰਕਾਰ ਮੁੱਢਲੀ ਰੋਜ਼ਾਨਾ ਫ਼ੀਸ ਤੋਂ ਉੱਪਰ ਵੱਧ ਕੇ ਇੱਕ ਹੋਟਲਿੰਗ ਸਪਲੀਮੈਂਟ ਦਾ ਭੁਗਤਾਨ ਕਰਦੀ ਹੈ ਅਤੇ ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ ਵਿੱਚ ਭੋਜਨ, ਸਫ਼ਾਈ, ਕੱਪੜੇ ਧੋਣ ਅਤੇ ਯੂਟਿਲਿਟੀਜ਼ ਸਮੇਤ ਰੋਜ਼ਾਨਾ ਜੀਵਨ ਦੀਆਂ ਸੇਵਾਵਾਂ ਦੇ ਪੂਰੇ ਖ਼ਰਚੇ ਨੂੰ ਪੂਰਾ ਕਰਦਾ ਹੈ। ਇਹ ਸਪਲੀਮੈਂਟ ਆਮਦਨੀ ਅਤੇ ਸਪੰਤੀ ਮੁਲਾਂਕਣ ਅਧਾਰਿਤ ਹੁੰਦਾ ਹੈ ਅਤੇ ਹਰ ਸਾਲ ਮਾਰਚ ਅਤੇ ਸਤੰਬਰ ਵਿੱਚ ਅੱਪਡੇਟ ਕੀਤਾ ਜਾਂਦਾ ਹੈ। ਜੇਕਰ ਤੁਸੀਂ ਬਰਦਾਸ਼ਤ ਕਰ ਸਕਦੇ ਹੋ, ਤਾਂ ਤੁਹਾਨੂੰ ਇਸ ਖ਼ਰਚੇ ਵਿੱਚ ਯੋਗਦਾਨ ਪਾਉਣ ਦੀ ਲੋੜ ਹੋਵੇਗੀ।

  ਯੋਗ ਸਾਬਕਾ ਜੰਗੀ ਕੈਦੀਆਂ (POWs) ਅਤੇ ਵਿਕਟੋਰੀਆ ਕਰਾਸ (VC) ਪ੍ਰਾਪਤਕਰਤਾਵਾਂ ਨੂੰ ਹੋਟਲਿੰਗ ਯੋਗਦਾਨ ਲਈ ਭੁਗਤਾਨ ਕਰਨ ਤੋਂ ਛੋਟ ਹੈ।

- **ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਰਕਮ (1 ਨਵੰਬਰ 2025 ਤੋਂ ਫ਼ੀਸ ਦੇ ਪ੍ਰਬੰਧ)**

  ਇਸ ਵਿੱਚ ਗ਼ੈਰ-ਕਲੀਨਿਕਲ ਦੇਖਭਾਲ ਦੇ ਖ਼ਰਚੇ ਸ਼ਾਮਲ ਹਨ ਜਿਵੇਂ ਕਿ ਨਹਾਉਣਾ, ਚੱਲਣ-ਫਿਰਣ ਵਿੱਚ ਮੱਦਦ ਅਤੇ ਜੀਵਨ ਸ਼ੈਲੀ ਦੀਆਂ ਗਤੀਵਿਧੀਆਂ। ਤੁਹਾਡੀ ਆਮਦਨ ਅਤੇ ਜਾਇਦਾਦ ਦੇ ਆਧਾਰ 'ਤੇ, ਜੇਕਰ ਤੁਸੀਂ ਪੂਰੇ ਹੋਟਲਿੰਗ ਯੋਗਦਾਨ ਦਾ ਭੁਗਤਾਨ ਕਰਨ ਦੇ ਸਮਰੱਥ ਹੋ, ਤਾਂ ਤੁਹਾਨੂੰ ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਦਾ ਕੁੱਝ ਜਾਂ ਸਾਰਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। Services Australia ਜਾਂ DVA ਤੁਹਾਨੂੰ ਦੱਸਣਗੇ ਕਿ ਕੀ ਤੁਹਾਨੂੰ ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਦਾ ਭੁਗਤਾਨ ਕਰਨ ਦੀ ਲੋੜ ਹੈ ਅਤੇ ਇਹ ਰਕਮ ਤੁਹਾਡੇ ਆਮਦਨੀ ਅਤੇ ਸੰਪਤੀ ਮੁਲਾਂਕਣ 'ਤੇ ਅਧਾਰਿਤ ਹੋਵੇਗੀ। ਰੋਜ਼ਾਨਾ ਅਤੇ ਜੀਵਨਭਰ ਦੀ ਵੱਧ ਤੋਂ ਵੱਧ ਯੋਗਦਾਨ ਰਕਮ ਲਈ ਹੱਦਾਂ ਲਾਗੂ ਹੁੰਦੀਆਂ ਹਨ, ਅਤੇ ਇਹ ਵੱਧ ਤੋਂ ਵੱਧ ਯੋਗਦਾਨ ਰਕਮਾਂ ਮਾਰਚ ਅਤੇ ਸਤੰਬਰ ਵਿੱਚ ਅੱਪਡੇਟ ਕੀਤੀਆਂ ਜਾਂਦੀਆਂ ਹਨ। ਜੇਕਰ ਤੁਸੀਂ ਜੀਵਨਭਰ ਦੀ ਵੱਧ ਤੋਂ ਵੱਧ ਯੋਗਦਾਨ ਰਕਮ ਦੀ ਹੱਦ 'ਤੇ ਪਹੁੰਚ ਜਾਂਦੇ ਹੋ, ਜਾਂ 4 ਸਾਲ ਦੇ ਕੁੱਲ ਸਮੇਂ ਤੋਂ ਬਾਅਦ (ਜੋ ਵੀ ਪਹਿਲਾਂ ਆਵੇ), ਤਾਂ ਤੁਹਾਨੂੰ ਹੁਣ ਇਸ ਯੋਗਦਾਨ ਦਾ ਭੁਗਤਾਨ ਕਰਨ ਲਈ ਨਹੀਂ ਕਿਹਾ ਜਾਵੇਗਾ।

  ਯੋਗ ਸਾਬਕਾ ਜੰਗੀ ਕੈਦੀਆਂ (POW) ਅਤੇ ਵਿਕਟੋਰੀਆ ਕਰਾਸ (VC) ਪ੍ਰਾਪਤਕਰਤਾਵਾਂ ਨੂੰ ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਦਾ ਭੁਗਤਾਨ ਕਰਨ ਤੋਂ ਛੋਟ ਹੈ।

- **ਆਮਦਨੀ ਅਤੇ ਸਪੰਤੀ ਮੁਲਾਂਕਣ ਅਧਾਰਿਤ ਦੇਖਭਾਲ ਫ਼ੀਸ (1 ਜੁਲਾਈ 2014 ਤੋਂ ਫ਼ੀਸ ਦੇ ਪ੍ਰਬੰਧ)**

  ਜੇਕਰ ਤੁਸੀਂ 1 ਜੁਲਾਈ 2014 ਵਾਲੇ ਫ਼ੀਸ ਪ੍ਰਬੰਧਾਂ 'ਤੇ ਹੋ ਅਤੇ ਤੁਹਾਡੀ ਆਮਦਨੀ ਅਤੇ ਸੰਪਤੀਆਂ ਇੱਕ ਨਿਸ਼ਚਿਤ ਰਕਮ ਤੋਂ ਵੱਧ ਹਨ, ਤਾਂ ਤੁਹਾਨੂੰ ਆਪਣੀ ਦੇਖਭਾਲ ਦੀ ਲਾਗਤ ਵਿੱਚ ਯੋਗਦਾਨ ਪਾਉਣ ਲਈ ਕਿਹਾ ਜਾ ਸਕਦਾ ਹੈ। Services Australia ਜਾਂ DVA ਤੁਹਾਨੂੰ ਦੱਸਣਗੇ ਕਿ ਕੀ ਤੁਹਾਨੂੰ ਇਹ ਫ਼ੀਸ ਅਦਾ ਕਰਨ ਦੀ ਲੋੜ ਹੈ ਅਤੇ ਇਹ ਰਕਮ ਤੁਹਾਡੇ ਆਮਦਨੀ ਅਤੇ ਸੰਪਤੀ ਮੁਲਾਂਕਣ 'ਤੇ ਅਧਾਰਿਤ ਹੋਵੇਗੀ। ਇਸ ਫ਼ੀਸ 'ਤੇ ਸਾਲਾਨਾ ਅਤੇ ਜੀਵਨਭਰ ਵਿੱਚ ਵੱਧ ਤੋਂ ਵੱਧ ਯੋਗਦਾਨ ਰਕਮ ਦੀਆਂ ਹੱਦਾਂ ਲਾਗੂ ਹੁੰਦੀਆਂ ਹਨ, ਅਤੇ ਇਹ ਵੱਧ ਤੋਂ ਵੱਧ ਯੋਗਦਾਨ ਰਕਮਾਂ ਮਾਰਚ ਅਤੇ ਸਤੰਬਰ ਵਿੱਚ ਅੱਪਡੇਟ ਕੀਤੀਆਂ ਜਾਂਦੀਆਂ ਹਨ।

  ਯੋਗ ਸਾਬਕਾ ਜੰਗੀ ਕੈਦੀਆਂ (POW) ਅਤੇ ਵਿਕਟੋਰੀਆ ਕਰਾਸ (VC) ਪ੍ਰਾਪਤਕਰਤਾਵਾਂ ਨੂੰ ਆਮਦਨੀ ਅਤੇ ਸਪੰਤੀ ਅਧਾਰਿਤ ਮੁਲਾਂਕਣ ਕੀਤੀ ਦੇਖਭਾਲ ਫ਼ੀਸ ਦਾ ਭੁਗਤਾਨ ਕਰਨ ਤੋਂ ਛੋਟ ਹੈ।

- **ਰਿਹਾਇਸ਼ ਦੇ ਖ਼ਰਚੇ**

  ਇਹ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਤੁਹਾਡੀ ਰਿਹਾਇਸ਼ ਦੇ ਖ਼ਰਚ ਲਈ ਹੁੰਦਾ ਹੈ। ਤੁਸੀਂ ਕਿਹੜੀ ਕਿਸਮ ਦੀ ਰਿਹਾਇਸ਼ੀ ਫ਼ੀਸ ਦੇਣੀ ਹੈ, ਇਹ ਤੁਹਾਡੇ ਆਮਦਨੀ ਅਤੇ ਸੰਪਤੀ ਮੁਲਾਂਕਣ 'ਤੇ ਨਿਰਭਰ ਕਰੇਗਾ ਅਤੇ ਇਹ ਹੇਠ ਲਿਖਿਆਂ ਵਿੱਚੋਂ ਇੱਕ ਹੋਵੇਗੀ:

  - ਰਿਹਾਇਸ਼ ਲਈ ਭੁਗਤਾਨ: ਜੇਕਰ ਤੁਹਾਨੂੰ ਆਪਣੀ ਰਿਹਾਇਸ਼ ਦੀ ਪੂਰੀ ਕੀਮਤ ਖੁਦ ਅਦਾ ਕਰਨ ਦੀ ਲੋੜ ਹੈ, ਤਾਂ ਤੁਸੀਂ ਉਹ ਕਮਰੇ ਦੀ ਕੀਮਤ ਅਦਾ ਕਰੋਗੇ ਜਿਸ 'ਤੇ ਤੁਸੀਂ ਅਤੇ ਤੁਹਾਡਾ ਬਿਰਧ ਦੇਖਭਾਲ ਘਰ ਸਹਿਮਤ ਹੋ।
  - ਰਿਹਾਇਸ਼ ਲਈ ਯੋਗਦਾਨ: ਜੇਕਰ ਤੁਹਾਨੂੰ ਆਪਣੀ ਰਿਹਾਇਸ਼ ਦੇ ਕੁੱਝ ਹਿੱਸੇ ਲਈ ਭੁਗਤਾਨ ਕਰਨ ਦੀ ਲੋੜ ਹੈ, ਤਾਂ ਤੁਸੀਂ ਆਪਣੀ ਆਮਦਨ ਅਤੇ ਸੰਪਤੀਆਂ ਦੇ ਆਧਾਰ 'ਤੇ ਯੋਗਦਾਨ ਦਾ ਭੁਗਤਾਨ ਕਰੋਗੇ। ਬਾਕੀ ਰਕਮ ਦਾ ਭੁਗਤਾਨ ਆਸਟ੍ਰੇਲੀਆਈ ਸਰਕਾਰ ਕਰੇਗੀ।
  - ਰਿਹਾਇਸ਼ ਦਾ ਕੋਈ ਖ਼ਰਚਾ ਨਹੀਂ: ਕੁੱਝ ਲੋਕਾਂ ਲਈ, ਸਰਕਾਰ ਤੁਹਾਡੇ ਸਾਰੇ ਰਿਹਾਇਸ਼ੀ ਖ਼ਰਚੇ ਅਦਾ ਕਰੇਗੀ।

  Services Australia ਤੁਹਾਨੂੰ ਦੱਸੇਗੀ ਕਿ ਇਹਨਾਂ ਵਿੱਚੋਂ ਤੁਹਾਡੇ 'ਤੇ ਕਿਹੜਾ ਲਾਗੂ ਹੁੰਦਾ ਹੈ।

- **ਉੱਚ ਪੱਧਰੀ ਰੋਜ਼ਾਨਾ ਜੀਵਨ ਫ਼ੀਸ**

  ਤੁਸੀਂ ਅਜਿਹੀਆਂ ਵਾਧੂ ਚੀਜ਼ਾਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਦੀ ਚੋਣ ਕਰ ਸਕਦੇ ਹੋ, ਜੋ ਤੁਹਾਡੇ ਬਿਰਧ ਦੇਖਭਾਲ ਘਰ ਵੱਲੋਂ ਲਾਜ਼ਮੀ ਤੌਰ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਦੇਖਭਾਲ ਅਤੇ ਸੇਵਾਵਾਂ ਤੋਂ ਉੱਪਰ ਹੋਣ। ਇਹ ਫ਼ੀਸਾਂ ਤੁਹਾਡੇ ਅਤੇ ਤੁਹਾਡੇ ਸੇਵਾ ਪ੍ਰਦਾਤਾ ਵਿਚਕਾਰ ਆਪਸੀ ਸਹਿਮਤੀ ਨਾਲ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਇਹ ਸਿਰਫ਼ ਦੇਖਭਾਲ ਵਿੱਚ ਦਾਖਲਾ ਲੈਣ ਤੋਂ ਬਾਅਦ ਹੀ ਤੈਅ ਕੀਤੀਆਂ ਜਾ ਸਕਦੀਆਂ ਹਨ। ਤੁਹਾਡੇ ਕੋਲ 28 ਦਿਨਾਂ ਦਾ 'ਕੂਲਿੰਗ ਆਫ਼ ਪੀਰੀਅਡ' ਹੋਵੇਗਾ ਜਿਸ ਦੌਰਾਨ ਤੁਸੀਂ ਇਹ ਸਮਝੌਤਾ ਰੱਦ ਕਰ ਸਕਦੇ ਹੋ। ਤੁਹਾਡੀ ਫ਼ੀਸ ਦੇ ਸਮਝੌਤੇ ਦੀ ਹਰ ਸਾਲ ਸਮੀਖਿਆ ਕੀਤੀ ਜਾਵੇਗੀ ਅਤੇ ਤੁਸੀਂ ਕਦੇ ਵੀ ਆਪਣੇ ਸੇਵਾ ਪ੍ਰਦਾਤਾ ਨੂੰ 28 ਦਿਨਾਂ ਦਾ ਨੋਟਿਸ ਦੇ ਕੇ ਇਸਨੂੰ ਰੱਦ ਕਰ ਸਕਦੇ ਹੋ।

ਤੁਹਾਡੇ ਵੱਲੋਂ ਬਿਰਧ ਦੇਖਭਾਲ ਘਰ ਵਿੱਚ ਰਹਿਣ ਵਾਲੇ ਹਰ ਦਿਨ ਲਈ ਫ਼ੀਸਾਂ ਅਤੇ ਯੋਗਦਾਨ ਦਾ ਭੁਗਤਾਨ ਕਰਨਾ ਹੁੰਦਾ ਹੈ। ਇਹ ਰੋਜ਼ਾਨਾ ਦੇ ਆਧਾਰ 'ਤੇ ਗਿਣੇ ਜਾਂਦੇ ਹਨ, ਪਰ ਆਮ ਤੌਰ 'ਤੇ ਹਰ ਪੰਦਰਵਾੜੇ, ਜਾਂ ਮਹੀਨੇ ਦੇ ਅੰਤ ਵਿੱਚ ਬਿਰਧ ਦੇਖਭਾਲ ਘਰ ਨੂੰ ਅਦਾ ਕੀਤੇ ਜਾਂਦੇ ਹਨ।

ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਖ਼ਰਚਿਆਂ ਬਾਰੇ ਹੋਰ ਜਾਣਕਾਰੀ ਲਈ, **MyAgedCare.gov.au/Aged-Care-Home-Costs-and-Fees** ਵੈੱਬਸਾਈਟ 'ਤੇ ਜਾਓ।

ਆਮਦਨ ਅਤੇ ਸੰਪਤੀ ਮੁਲਾਂਕਣ

ਤੁਹਾਨੂੰ ਇੱਕ ਆਮਦਨ ਅਤੇ ਸੰਪਤੀ ਮੁਲਾਂਕਣ ਕਰਵਾਉਣ ਦੀ ਲੋੜ ਪਵੇਗੀ ਤਾਂ ਜੋ ਇਹ ਪਤਾ ਲੱਗ ਸਕੇ ਕਿ:

- ਕੀ ਤੁਸੀਂ ਆਸਟ੍ਰੇਲੀਆਈ ਸਰਕਾਰ ਵੱਲੋਂ ਆਪਣੇ ਰਿਹਾਇਸ਼ੀ ਖ਼ਰਚਿਆਂ ਵਿੱਚ ਸਹਾਇਤਾ ਲਈ ਯੋਗ ਹੋ ਜਾਂ ਨਹੀਂ
- ਤੁਹਾਨੂੰ ਆਪਣੀ ਗ਼ੈਰ-ਕਲੀਨਿਕਲ ਦੇਖਭਾਲ ਜਾਂ ਹੋਟਲਿੰਗ ਲਾਗਤਾਂ, ਜਾਂ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤੀ ਦੇਖਭਾਲ ਫ਼ੀਸ ਵਿੱਚ ਯੋਗਦਾਨ ਦੇਣਾ ਪਵੇਗਾ, ਅਤੇ ਇਹ ਰਕਮ ਕਿੰਨੀ ਹੋਵੇਗੀ।

ਆਮਦਨ ਅਤੇ ਸੰਪਤੀ ਮੁਲਾਂਕਣ ਤੁਹਾਡੀ ਮਾਲੀ ਸਥਿਤੀ ਅਤੇ ਬਿਰਧ ਦੇਖਭਾਲ ਲਈ ਭੁਗਤਾਨ ਕਰਨ ਦੀ ਸਮਰੱਥਾ ਨੂੰ ਨਿਰਧਾਰਤ ਕਰਦੇ ਹਨ। ਇਹ ਮੁਲਾਂਕਣ Services Australia ਵੱਲੋਂ ਕੀਤੇ ਜਾਂਦੇ ਹਨ, ਪਰ ਯੋਗ ਸਾਬਕਾ ਸੈਨਿਕ ਭਾਈਚਾਰੇ ਦੇ ਮੈਂਬਰਾਂ ਲਈ ਇਹ ਮੁਲਾਂਕਣ DVA ਵੱਲੋਂ ਵੀ ਕੀਤੇ ਜਾ ਸਕਦੇ ਹਨ।

ਤੁਹਾਨੂੰ ਆਪਣੇ ਵਿੱਤੀ ਵੇਰਵੇ ਦੇਣ ਦੀ ਲੋੜ ਪੈ ਸਕਦੀ ਹੈ।

ਆਮਦਨੀ ਅਤੇ ਸੰਪਤੀ ਮੁਲਾਂਕਣ ਵਿੱਚ ਤੁਹਾਡੀਆਂ ਜਾਇਦਾਦਾਂ ਅਤੇ ਆਮਦਨੀ ਬਾਰੇ ਜਾਣਕਾਰੀ ਦੇਣਾ ਸ਼ਾਮਲ ਹੁੰਦਾ ਹੈ ਅਤੇ ਇਹ ਨਿਰਧਾਰਤ ਕਰਦਾ ਹੈ ਕਿ ਤੁਸੀਂ ਬਿਰਧ ਦੇਖਭਾਲ ਲਈ ਕਿੰਨਾ ਭੁਗਤਾਨ ਕਰੋਗੇ।

ਪਰ ਇਸ ਲਈ, ਹਰ ਵਿਅਕਤੀ ਨੂੰ ਆਪਣੇ ਵਿੱਤੀ ਵੇਰਵੇ ਦੇਣ ਦੀ ਲੋੜ ਨਹੀਂ ਹੁੰਦੀ ਹੈ। ਉਦਾਹਰਨ ਵਜੋਂ, ਜੇਕਰ ਤੁਸੀਂ Services Australia ਜਾਂ DVA ਵੱਲੋਂ ਕੋਈ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤਾ ਭੁਗਤਾਨ ਪ੍ਰਾਪਤ ਕਰ ਰਹੇ ਹੋ ਅਤੇ ਤੁਸੀਂ ਆਪਣੇ ਘਰ ਦੇ ਮਾਲਕ ਨਹੀਂ ਹੋ, ਤਾਂ ਤੁਹਾਨੂੰ ਇਹ ਜਾਣਕਾਰੀ ਦੇਣ ਦੀ ਲੋੜ ਨਹੀਂ ਪਵੇਗੀ। Services Australia ਕੋਲ ਤੁਹਾਡੀ ਆਮਦਨੀ ਅਤੇ ਸੰਪਤੀਆਂ ਬਾਰੇ ਪਹਿਲਾਂ ਹੀ ਕਾਫ਼ੀ ਜਾਣਕਾਰੀ ਹੋਵੇਗੀ ਤਾਂ ਜੋ ਤੁਹਾਡਾ ਆਮਦਨੀ ਅਤੇ ਸੰਪਤੀ ਮੁਲਾਂਕਣ ਪੂਰਾ ਕੀਤਾ ਜਾ ਸਕੇ।

ਤੁਸੀਂ ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ: **ServicesAustralia.gov.au/AgedCareCostApply** 'ਤੇ ਜਾਂ ਸਰਵਿਸਿਜ਼ ਆਸਟ੍ਰੇਲੀਆ ਨੂੰ **1800 227 475** 'ਤੇ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਫ਼ੋਨ ਕਰਕੇ ਪਤਾ ਲਗਾ ਸਕਦੇ ਹੋ ਕਿ ਕੀ ਤੁਹਾਨੂੰ ਆਪਣੇ ਵਿੱਤੀ ਵੇਰਵੇ ਪ੍ਰਦਾਨ ਕਰਨ ਦੀ ਲੋੜ ਹੈ।

ਆਮਦਨੀ ਅਤੇ ਸੰਪਤੀ ਮੁਲਾਂਕਣ ਕਰਵਾਉਣ ਦਾ ਪ੍ਰਬੰਧ ਕਿਵੇਂ ਕਰਨਾ ਹੈ

ਆਮਦਨੀ ਅਤੇ ਸੰਪਤੀ ਮੁਲਾਂਕਣ ਬਾਰੇ ਹੋਰ ਜਾਣਨ ਜਾਂ ਇਸਨੂੰ ਪੂਰਾ ਕਰਨ ਲਈ:

- Services Australia ਨੂੰ ਮੁਫ਼ਤ ਫ਼ੋਨ ਕਰ ਸਕਦੇ ਹੋ
- ਜੇਕਰ ਤੁਸੀਂ ਕਿਸੇ ਨਾਲ ਵਿਅਕਤੀਗਤ ਰੂਪ ਵਿੱਚ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਇਲਾਕੇ ਵਿੱਚ ਉਪਲਬਧ Services Australia ਸੇਵਾ ਕੇਂਦਰਾਂ ਵਿੱਚੋਂ ਕਿਸੇ ਵਿੱਚ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਨਾਲ ਮਿਲਣ ਲਈ ਅਪੋਇੰਟਮੈਂਟ ਬੁੱਕ ਕਰ ਸਕਦੇ ਹੋ, ਜਾਂ ਵੀਡੀਓ ਚੈਟ ਰਾਹੀਂ ਸੰਪਰਕ ਕਰ ਸਕਦੇ ਹੋ।

ਜੇਕਰ ਤੁਸੀਂ ਆਪਣੀ ਆਮਦਨੀ ਅਤੇ ਸੰਪਤੀ ਦਾ ਮੁਲਾਂਕਣ ਨਾ ਕਰਵਾਉਣ ਦੀ ਚੋਣ ਕਰਦੇ ਹੋ, ਤਾਂ ਤੁਸੀਂ ਆਪਣੀ ਰਿਹਾਇਸ਼ ਅਤੇ ਦੇਖਭਾਲ ਦੇ ਖ਼ਰਚਿਆਂ ਲਈ ਸਰਕਾਰੀ ਸਹਾਇਤਾ ਲਈ ਯੋਗ ਨਹੀਂ ਹੋਵੋਗੇ। ਇਸ ਸਥਿਤੀ ਵਿੱਚ, ਬਿਰਧ ਦੇਖਭਾਲ ਘਰ ਤੁਹਾਨੂੰ ਵੱਧ ਤੋਂ ਵੱਧ ਫ਼ੀਸ ਅਤੇ ਉਨ੍ਹਾਂ ਦੀ ਪ੍ਰਕਾਸ਼ਿਤ ਉੱਚਤਮ ਕਮਰੇ ਦੀ ਕੀਮਤ ਤੱਕ ਰਿਹਾਇਸ਼ੀ ਭੁਗਤਾਨ ਦੇਣ ਦੀ ਬੇਨਤੀ ਕਰ ਸਕਦਾ ਹੈ।

ਆਪਣੇ ਆਮਦਨੀ ਅਤੇ ਸੰਪਤੀ ਮੁਲਾਂਕਣ ਦੀ ਸਥਿਤੀ ਦੀ ਜਾਂਚ ਕਰਨ ਲਈ, Services Australia ਜਾਂ DVA ਨਾਲ ਸੰਪਰਕ ਕਰੋ।

ਤੁਹਾਨੂੰ ਆਪਣੇ ਵਿੱਤੀ ਵੇਰਵਿਆਂ ਨੂੰ ਅੱਪ ਟੂ ਡੇਟ ਰੱਖਣਾ ਚਾਹੀਦਾ ਹੈ।

ਇੱਕ ਵਾਰ ਤੁਹਾਡਾ ਆਮਦਨੀ ਅਤੇ ਸੰਪਤੀ ਮੁਲਾਂਕਣ ਹੋ ਜਾਣ ਤੋਂ ਬਾਅਦ, ਤੁਹਾਨੂੰ ਆਪਣੀ ਆਮਦਨੀ ਅਤੇ ਜਾਇਦਾਦ ਬਾਰੇ ਜਾਣਕਾਰੀ Services Australia ਜਾਂ DVA ਕੋਲ ਅੱਪਡੇਟ ਕਰਨ ਦੀ ਲੋੜ ਪਵੇਗੀ। ਤੁਹਾਨੂੰ ਕਾਨੂੰਨੀ ਤੌਰ 'ਤੇ ਆਪਣੇ (ਅਤੇ ਤੁਹਾਡੇ ਜੀਵਨਸਾਥੀ ਦੇ) ਨਿੱਜੀ ਜਾਂ ਵਿੱਤੀ ਹਾਲਾਤਾਂ ਵਿੱਚ ਹੋਈਆਂ ਤਬਦੀਲੀਆਂ ਦੀ ਰਿਪੋਰਟ 28 ਦਿਨਾਂ ਦੇ ਅੰਦਰ ਕਰਨੀ ਪੈਂਦੀ ਹੈ। ਇਹ ਤੁਹਾਡੀਆਂ ਬਿਰਧ ਦੇਖਭਾਲ ਫ਼ੀਸਾਂ ਨੂੰ ਤੁਹਾਡੇ ਹਾਲਾਤਾਂ ਅਨੁਸਾਰ ਸਹੀ ਰੱਖਣ ਵਿੱਚ ਮੱਦਦ ਕਰੇਗਾ।

ਤੁਸੀਂ ਆਪਣੇ ਵੇਰਵਿਆਂ ਨੂੰ ਕਿਵੇਂ ਅੱਪਡੇਟ ਕਰਨਾ ਹੈ, ਇਸ ਬਾਰੇ ਜਾਣਕਾਰੀ **ServicesAustralia.gov.au/Update-Your-Details-If-You-Get-Help-With-Aged-Care-Cost-Care** 'ਤੇ ਲੱਭ ਸਕਦੇ ਹੋ।

ਸੰਪਰਕ ਵੇਰਵੇ

Services Australia - ਕੰਮਕਾਜੀ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1800 227 475** 'ਤੇ ਮੁਫ਼ਤ ਫ਼ੋਨ ਕਰੋ।

ਵੈਟਰਨਜ਼ ਅਫੇਅਰਜ਼ ਵਿਭਾਗ (DVA)- **1800 838 372** 'ਤੇ ਮੁਫ਼ਤ ਫ਼ੋਨ ਕਰੋ।

ਪ੍ਰੀ-ਐਂਟਰੀ ਮੁਲਾਂਕਣ ਪੱਤਰ

ਜੇਕਰ ਤੁਸੀਂ ਬਿਰਧ ਦੇਖਭਾਲ ਘਰ ਵਿੱਚ ਜਾਣ ਤੋਂ ਪਹਿਲਾਂ ਆਮਦਨੀ ਅਤੇ ਸੰਪਤੀ ਮੁਲਾਂਕਣ ਕਰਵਾਉਂਦੇ ਹੋ, ਤਾਂ ਤੁਹਾਨੂੰ ਇੱਕ ਪੱਤਰ ਮਿਲੇਗਾ ਜਿਸ ਵਿੱਚ ਇਹ ਅਨੁਮਾਨ ਦਿੱਤਾ ਹੋਇਆ ਹੋਵੇਗਾ ਕਿ ਤੁਸੀਂ ਕਿੰਨੀ ਫ਼ੀਸ ਭਰਨ ਦੀ ਉਮੀਦ ਕਰ ਸਕਦੇ ਹੋ। ਇਹ ਸਲਾਹ 120 ਦਿਨਾਂ ਲਈ ਵੈਧ ਰਹੇਗੀ, ਜਦੋਂ ਤੱਕ ਕਿ ਤੁਹਾਡੇ ਹਾਲਾਤਾਂ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਨਾ ਆਵੇ।

ਜੇਕਰ ਤੁਹਾਡੇ ਹਾਲਾਤਾਂ ਵਿੱਚ ਕੋਈ ਬਦਲਾਅ ਆਉਂਦਾ ਹੈ, ਤਾਂ ਤੁਹਾਨੂੰ Services Australia ਜਾਂ DVA ਨੂੰ ਸੂਚਿਤ ਕਰਨ ਦੀ ਲੋੜ ਹੋਵੇਗੀ। ਜੇਕਰ ਲੋੜ ਪਈ ਤਾਂ Services Australia ਤੁਹਾਡਾ ਪ੍ਰੀ-ਐਂਟਰੀ ਮੁਲਾਂਕਣ ਪੱਤਰ ਦੁਬਾਰਾ ਜਾਰੀ ਕਰੇਗਾ।

ਜੇਕਰ ਤੁਹਾਨੂੰ ਆਮਦਨੀ ਅਤੇ ਸੰਪਤੀ ਮੁਲਾਂਕਣ ਪੂਰਾ ਕਰਨ ਦੀ ਲੋੜ ਨਹੀਂ ਹੈ ਕਿਉਂਕਿ Services Australia ਜਾਂ DVA ਕੋਲ ਪਹਿਲਾਂ ਹੀ ਤੁਹਾਡੇ ਵਿੱਤੀ ਵੇਰਵੇ ਹਨ, ਤਾਂ ਤੁਹਾਨੂੰ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਜਾਣ ਤੋਂ ਬਾਅਦ ਫ਼ੀਸ ਦੱਸਣ ਵਾਲਾ ਸਲਾਹ ਪੱਤਰ ਮਿਲੇਗਾ।

ਜੇਕਰ ਤੁਹਾਨੂੰ ਦੇਖਭਾਲ ਵਿੱਚ ਦਾਖਲ ਹੋਣ ਤੋਂ ਪਹਿਲਾਂ ਪ੍ਰੀ-ਐਂਟਰੀ ਮੁਲਾਂਕਣ ਪੱਤਰ ਦੀ ਲੋੜ ਹੈ, ਤਾਂ ਤੁਸੀਂ Services Australia ਨਾਲ **1800 227 475** 'ਤੇ ਮੁਫ਼ਤ ਫ਼ੋਨ ਜਾਂ DVA ਨਾਲ **1800 838 372** 'ਤੇ ਮੁਫ਼ਤ ਫ਼ੋਨ ਕਰਕੇ ਸੰਪਰਕ ਕਰਕੇ ਇਸਦੀ ਬੇਨਤੀ ਕਰ ਸਕਦੇ ਹੋ।

ਜਦੋਂ ਤੁਸੀਂ ਕਿਸੇ ਸੰਭਾਵਿਤ ਬਿਰਧ ਦੇਖਭਾਲ ਘਰ ਨਾਲ ਗੱਲਬਾਤ ਕਰੋ, ਤਾਂ ਆਪਣਾ ਪ੍ਰੀ-ਐਂਟਰੀ ਮੁਲਾਂਕਣ ਪੱਤਰ ਆਪਣੇ ਨਾਲ ਲੈ ਕੇ ਜਾਓ, ਤਾਂ ਜੋ ਤੁਸੀਂ ਉਹਨਾਂ ਦੇ ਖ਼ਰਚਿਆਂ ਨੂੰ ਸਮਝ ਸਕੋ।

ਤੁਸੀਂ ਕਿੰਨਾ ਭੁਗਤਾਨ ਕਰੋਗੇ?

ਇੱਕ ਵਾਰ ਜਦੋਂ ਤੁਸੀਂ ਕਿਸੇ ਬਿਰਧ ਦੇਖਭਾਲ ਘਰ ਵਿੱਚ ਚਲੇ ਜਾਂਦੇ ਹੋ, ਤਾਂ Services Australia ਤੁਹਾਨੂੰ ਅਤੇ ਤੁਹਾਡੇ ਸੇਵਾ ਪ੍ਰਦਾਤਾ ਇੱਕ ਪੱਤਰ ਭੇਜੇਗਾ ਜਿਸ ਵਿੱਚ ਉਹ ਵੱਧ ਤੋਂ ਵੱਧ ਫ਼ੀਸਾਂ ਦੱਸੀਆਂ ਜਾਣਗੀਆਂ ਜੋ ਤੁਹਾਨੂੰ ਭਰਨ ਲਈ ਕਿਹਾ ਜਾ ਸਕਦਾ ਹੈ। ਜਦੋਂ ਵੀ ਤੁਹਾਡੇ ਹੋਟਲਿੰਗ ਯੋਗਦਾਨ ਦੀ ਰਕਮ, ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ, ਆਮਦਨੀ ਅਤੇ ਸੰਪਤੀ ਮੁਲਾਂਕਣ ਕੀਤੀ ਦੇਖਭਾਲ ਫ਼ੀਸ ਜਾਂ ਰਿਹਾਇਸ਼ ਦੀ ਯੋਗਦਾਨ ਰਕਮ ਵਿੱਚ ਕੋਈ ਬਦਲਾਅ ਆਉਂਦਾ ਹੈ, ਉਸ ਸਮੇਂ ਤੁਹਾਨੂੰ ਇੱਕ ਨਵਾਂ ਪੱਤਰ ਭੇਜਿਆ ਜਾਂਦਾ ਹੈ।

ਭਾਵੇਂ ਤੁਹਾਨੂੰ ਆਪਣੀ ਰਿਹਾਇਸ਼ ਲਈ ਯੋਗਦਾਨ ਰਕਮ ਦੇਣੀ ਪਵੇ ਜਾਂ ਨਾ, ਬਿਰਧ ਦੇਖਭਾਲ ਘਰ ਵਿੱਚ ਜਾਣ ਵਾਲੇ ਹਰੇਕ ਵਿਅਕਤੀ ਨੂੰ ਆਪਣੇ ਬਿਰਧ ਦੇਖਭਾਲ ਘਰ ਨਾਲ ਲਿਖਤੀ ਰੂਪ ਵਿੱਚ ਕਮਰੇ ਦੀ ਕੀਮਤ 'ਤੇ ਸਹਿਮਤ ਹੋਣਾ ਲਾਜ਼ਮੀ ਹੁੰਦਾ ਹੈ। ਜਿਸ ਕਮਰੇ ਦੀ ਕੀਮਤ ਲਈ ਤੁਸੀਂ ਸਹਿਮਤ ਹੋਏ ਹੋ, ਉਹ ਉਸ ਰਿਹਾਇਸ਼ ਸਮਝੌਤੇ ਵਿੱਚ ਸ਼ਾਮਲ ਹੋਣੀ ਲਾਜ਼ਮੀ ਹੈ ਜੋ ਤੁਸੀਂ ਸੇਵਾ ਪ੍ਰਦਾਤਾ ਨਾਲ ਰਹਿਣ ਜਾਣ ਤੋਂ ਪਹਿਲਾਂ ਕੀਤਾ ਹੈ। ਇਹ ਜਾਣਕਾਰੀ Services Australia ਵੱਲੋਂ ਭੇਜੇ ਜਾਂਦੇ ਫ਼ੀਸ ਸਲਾਹ ਪੱਤਰਾਂ ਵਿੱਚ ਸ਼ਾਮਲ ਨਹੀਂ ਕੀਤੀ ਜਾਂਦੀ ਹੈ।

ਸਾਰੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਜੋ ਰਿਹਾਇਸ਼ ਦੀ ਅਦਾਇਗੀ ਲੈਂਦੇ ਹਨ, ਉਨ੍ਹਾਂ ਨੂੰ ਆਪਣੀ ਰਿਹਾਇਸ਼ ਦੀ ਲਾਗਤ My Aged Care ਦੀ ਵੈੱਬਸਾਈਟ 'ਤੇ 'Find a provider' ਟੂਲ ਵਿੱਚ ਪ੍ਰਕਾਸ਼ਿਤ ਕਰਨ ਦੀ ਲੋੜ ਹੁੰਦੀ ਹੈ: **MyAgedCare.gov.au/Find-A-Provider**

ਇਹ ਪ੍ਰਕਾਸ਼ਿਤ ਕਮਰੇ ਦੀ ਕੀਮਤ ਉਹ ਵੱਧ ਤੋਂ ਵੱਧ ਕੀਮਤ ਹੁੰਦੀ ਹੈ ਜੋ ਬਿਰਧ ਦੇਖਭਾਲ ਘਰ ਤੁਹਾਨੂੰ ਦੇਣ ਲਈ ਕਹਿ ਸਕਦਾ ਹੈ। ਹਾਲਾਂਕਿ, ਤੁਸੀਂ ਆਪਣੇ ਬਿਰਧ ਦੇਖਭਾਲ ਘਰ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਕੇ ਇਹ ਕੀਮਤ ਘੱਟ ਕਰਵਾਉਣ ਦੇ ਯੋਗ ਹੋ ਸਕਦੇ ਹੋ।

ਰਿਹਾਇਸ਼ ਦਾ ਭੁਗਤਾਨ ਕਰਨ ਦੇ ਤਰੀਕੇ

ਦੇਖਭਾਲ ਵਿੱਚ ਜਾਣ ਤੋਂ ਪਹਿਲਾਂ, ਤੁਹਾਨੂੰ ਆਪਣੇ ਸੇਵਾ ਪ੍ਰਦਾਤਾ ਨਾਲ ਕਮਰੇ ਦੀ ਕੀਮਤ 'ਤੇ ਲਿਖਤੀ ਰੂਪ ਵਿੱਚ ਸਹਿਮਤ ਹੋਣ ਦੀ ਲੋੜ ਹੈ। ਤੁਹਾਡਾ ਆਮਦਨੀ ਅਤੇ ਸੰਪਤੀ ਮੁਲਾਂਕਣ ਇਹ ਨਿਰਧਾਰਤ ਕਰੇਗਾ ਕਿ ਤੁਹਾਨੂੰ ਸਹਿਮਤ ਕਮਰੇ ਦੀ ਕੀਮਤ ਦਾ ਭੁਗਤਾਨ ਕਰਨ ਦੀ ਲੋੜ ਹੈ ਜਾਂ ਥੋੜ੍ਹੀ ਰਕਮ ਦਾ ਯੋਗਦਾਨ ਪਾਉਣ ਦੀ ਲੋੜ ਹੈ।

ਤੁਸੀਂ ਆਪਣੀ ਰਿਹਾਇਸ਼ ਦਾ ਭੁਗਤਾਨ ਜਾਂ ਯੋਗਦਾਨ ਰਕਮ ਹੇਠਾਂ ਦਿੱਤੇ ਤਰੀਕਿਆਂ ਰਾਹੀਂ ਦੇਣ ਦੀ ਚੋਣ ਕਰ ਸਕਦੇ ਹੋ:

- ਜਿਸਨੂੰ ਇੱਕਮੁਸ਼ਤ ਭੁਗਤਾਨ ਕਿਹਾ ਜਾਂਦਾ ਹੈ
  - ਰਿਹਾਇਸ਼ ਲਈ ਇੱਕਮੁਸ਼ਤ ਵਾਪਸੀਯੋਗ ਪੇਸ਼ਗੀ ਰਕਮ (Refundable Accommodation Deposit, RAD)
  - ਜਾਂ ਰਿਹਾਇਸ਼ ਲਈ ਵਾਪਸੀਯੋਗ ਯੋਗਦਾਨ ਰਕਮ (Refundable Accommodation Contribution, RAC)
- ਕਿਰਾਏ ਦੀ ਤਰ੍ਹਾਂ ਰੋਜ਼ਾਨਾ ਭੁਗਤਾਨ, ਜਿਸਨੂੰ ਰੋਜ਼ਾਨਾ ਰਿਹਾਇਸ਼ ਭੁਗਤਾਨ (Daily Accommodation Payment, DAP) ਜਾਂ ਰੋਜ਼ਾਨਾ ਰਿਹਾਇਸ਼ ਯੋਗਦਾਨ (Daily Accommodation Contribution, DAC) ਕਿਹਾ ਜਾਂਦਾ ਹੈ
- ਉਪਰੋਕਤ ਦੋਹਾਂ ਤਰੀਕਿਆਂ ਦਾ ਮਿਸ਼ਰਨ, ਅਰਥਾਤ ਕੁੱਝ ਰਕਮ ਇੱਕਮੁਸ਼ਤ ਵਿੱਚ ਅਤੇ ਕੁੱਝ ਰਕਮ ਰੋਜ਼ਾਨਾ ਕਿਰਾਏ ਦੀ ਤਰ੍ਹਾਂ।

ਤੁਹਾਨੂੰ ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੀ ਭੁਗਤਾਨ ਵਿਧੀ ਚੁਣਨ ਲਈ ਨਹੀਂ ਕਿਹਾ ਜਾ ਸਕਦਾ ਹੈ। ਤੁਸੀਂ ਦਾਖ਼ਲ ਹੋਣ ਤੋਂ ਬਾਅਦ ਕਿਸੇ ਵੀ ਸਮੇਂ ਇਕਮੁਸ਼ਤ ਰਕਮ ਦੇਣ ਦਾ ਚੋਣ ਕਰ ਸਕਦੇ ਹੋ। ਜਦੋਂ ਤੱਕ ਤੁਸੀਂ ਇੱਕਮੁਸ਼ਤ ਭੁਗਤਾਨ ਨਹੀਂ ਕਰਦੇ, ਤੁਹਾਨੂੰ ਗੈਰ-ਵਾਪਸੀਯੋਗ ਰੋਜ਼ਾਨਾ ਭੁਗਤਾਨਾਂ ਦੁਆਰਾ ਭੁਗਤਾਨ ਕਰਨ ਦੀ ਜ਼ਰੂਰਤ ਹੋਵੇਗੀ।

RAD ਅਤੇ RAC ਰਿਟੈਂਸ਼ਨ

1 ਨਵੰਬਰ 2025 ਤੋਂ, ਜੇਕਰ ਤੁਸੀਂ ਆਪਣੀ ਰਿਹਾਇਸ਼ ਲਈ ਇਸ ਤਰ੍ਹਾਂ ਭੁਗਤਾਨ ਕਰਨਾ ਚੁਣਦੇ ਹੋ, ਤਾਂ ਪ੍ਰਦਾਤਾ ਤੁਹਾਡੇ RAD ਜਾਂ RAC ਬਕਾਏ ਵਿੱਚੋਂ ਇੱਕ ਛੋਟਾ ਹਿੱਸਾ ਕੱਟ ਕੇ ਰੱਖ ਸਕਦੇ ਹਨ। ਕਟੌਤੀ ਕੀਤੀ ਜਾਣ ਵਾਲੀ ਰਕਮ ਦੀ ਗਣਨਾ ਪ੍ਰਦਾਤਾ ਕਰੇਗਾ। ਇਹ ਰਕਮ ਨਿਯਮਿਤ ਤੌਰ 'ਤੇ ਕੱਟੀ ਜਾਵੇਗੀ ਅਤੇ ਜਦੋਂ ਤੁਸੀਂ ਦੇਖਭਾਲ ਛੱਡਦੇ ਹੋ ਤਾਂ ਵਾਪਸ ਨਹੀਂ ਕੀਤੀ ਜਾਵੇਗੀ। 5 ਸਾਲ ਦੇਖਭਾਲ ਵਿੱਚ ਰਹਿਣ ਤੋਂ ਬਾਅਦ, ਹੋਰ ਕੋਈ ਵੀ ਰਿਟੈਂਸ਼ਨ ਰਕਮ ਨਹੀਂ ਕੱਟੀ ਜਾਵੇਗੀ। ਇਹ ਤੁਹਾਡੀ ਸੁਰੱਖਿਆ ਲਈ ਹੈ ਜੇਕਰ ਤੁਸੀਂ ਲੰਬੇ ਸਮੇਂ ਤੋਂ ਬਿਰਧ ਦੇਖਭਾਲ ਵਿੱਚ ਹੋ।

ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਕੀ RAD ਜਾਂ RAC ਰਿਟੈਂਸ਼ਨ ਤੁਹਾਡੇ 'ਤੇ ਲਾਗੂ ਹੁੰਦੇ ਹਨ।

ਜੇਕਰ ਤੁਸੀਂ ਇੱਕਮੁਸ਼ਤ ਰਕਮ ਦਾ ਭੁਗਤਾਨ ਕਰਨਾ ਚੁਣਦੇ ਹੋ, ਤਾਂ ਘਰ ਛੱਡਣ 'ਤੇ ਬਕਾਇਆ ਵਾਪਸ ਕਰ ਦਿੱਤਾ ਜਾਂਦਾ ਹੈ, RAD ਜਾਂ RAC ਰਿਟੈਂਸ਼ਨ ਲਈ ਲਾਗੂ ਕਟੌਤੀਆਂ ਅਤੇ ਉਹ ਹੋਰ ਕਟੌਤੀਆਂ ਕੱਢ ਕੇ, ਜਿਨ੍ਹਾਂ ਨਾਲ ਤੁਸੀਂ ਸਹਿਮਤ ਹੋਏ ਹੋ।

DAP ਇੰਡੈਕਸੇਸ਼ਨ

DAP ਭੁਗਤਾਨਾਂ ਨੂੰ ਵੱਧ ਰਹੇ ਰਹਾਇਸ਼ੀ ਖ਼ਰਚਿਆਂ ਦੇ ਨਾਲ ਤਾਲਮੇਲ ਮਿਲਾਉਣ ਲਈ ਇੰਡੈਕਸ ਕੀਤਾ ਜਾ ਸਕਦਾ ਹੈ। ਜੇਕਰ DAP ਇੰਡੈਕਸੇਸ਼ਨ ਪ੍ਰਬੰਧ ਤੁਹਾਡੇ 'ਤੇ ਲਾਗੂ ਹੁੰਦੇ ਹਨ, ਤਾਂ ਤੁਹਾਡੀ DAP ਰਕਮ ਹਰ ਸਾਲ 20 ਮਾਰਚ ਅਤੇ 20 ਸਤੰਬਰ ਨੂੰ ਖ਼ਪਤਕਾਰ ਮੁੱਲ ਸੂਚਕਾਂਕ (CPI) ਵਿੱਚ ਤਬਦੀਲੀਆਂ ਦੇ ਅਨੁਸਾਰ ਵਧੇਗੀ। ਇਹ ਉਹੀ ਤਾਰੀਖਾਂ ਹਨ ਜਿਨ੍ਹਾਂ 'ਤੇ ਬੁਢਾਪਾ ਪੈਨਸ਼ਨ ਵਿੱਚ ਵੀ ਵਾਧਾ ਹੁੰਦਾ ਹੈ। ਤੁਹਾਡਾ ਸੇਵਾ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਕੀ DAP ਇੰਡੈਕਸੇਸ਼ਨ ਪ੍ਰਬੰਧ ਤੁਹਾਡੇ 'ਤੇ ਲਾਗੂ ਹੁੰਦੇ ਹਨ। ਸਰਕਾਰੀ ਸਹਾਇਤਾ ਲਈ ਯੋਗ ਨਿਵਾਸੀਆਂ ਦੁਆਰਾ ਆਪਣੇ ਰਿਹਾਇਸ਼ੀ ਖ਼ਰਚਿਆਂ ਲਈ ਅਦਾ ਕੀਤੇ ਗਏ DACs 'ਤੇ ਮਹਿੰਗਾਈ ਦਰ ਲਾਗੂ ਨਹੀਂ ਹੁੰਦੀ ਹੈ।

ਮਿਸ਼ਰਤ ਭੁਗਤਾਨ

ਜੇਕਰ ਤੁਸੀਂ ਭੁਗਤਾਨ ਲਈ ਮਿਸ਼ਰਤ ਤਰੀਕਾ ਚੁਣਦੇ ਹੋ, ਤਾਂ ਤੁਸੀਂ ਆਪਣਾ ਰੋਜ਼ਾਨਾ ਭੁਗਤਾਨ ਆਪਣੀ ਭੁਗਤਾਨ ਕੀਤੀ ਇੱਕਮੁਸ਼ਤ ਰਕਮ ਵਿੱਚੋਂ ਕਟਵਾਉਣ ਦੀ ਚੋਣ ਕਰ ਸਕਦੇ ਹੋ। ਤੁਹਾਡਾ ਸੇਵਾ ਪ੍ਰਦਾਤਾ ਇੱਕਮੁਸ਼ਤ ਰਕਮ ਤੋਂ ਬਿਰਧ ਦੇਖਭਾਲ ਨਾਲ ਸੰਬੰਧਿਤ ਹੋਰ ਫ਼ੀਸਾਂ ਲੈਣ ਲਈ ਵੀ ਸਹਿਮਤ ਹੋ ਸਕਦਾ ਹੈ, ਜਿਵੇਂ ਕਿ ਮੁੱਢਲੀ ਰੋਜ਼ਾਨਾ ਫ਼ੀਸ। ਸਮੇਂ ਦੇ ਨਾਲ, ਇਸ ਨਾਲ ਤੁਹਾਡਾ ਰੋਜ਼ਾਨਾ ਭੁਗਤਾਨ ਵਧਦਾ ਜਾਵੇਗਾ, ਜਦ ਤੱਕ ਕਿ ਤੁਸੀਂ ਆਪਣੀ ਇੱਕਮੁਸ਼ਤ ਰਕਮ ਵਿੱਚ ਹੋਰ ਰਕਮ ਨਹੀਂ ਪਾ ਦਿੰਦੇ ਹੋ।

ਜੇਕਰ ਤੁਹਾਨੂੰ ਰਿਹਾਇਸ਼ੀ ਯੋਗਦਾਨ ਪਾਉਣ ਲਈ ਕਿਹਾ ਗਿਆ ਹੈ, ਤਾਂ Services Australia ਤੁਹਾਨੂੰ ਦੱਸੇਗਾ ਕਿ ਤੁਸੀਂ ਵੱਧ ਤੋਂ ਵੱਧ ਕਿੰਨੀ ਰਕਮ ਅਦਾ ਕਰਨੀ ਹੈ। Services Australia ਵੱਲੋਂ ਦਿੱਤੀ ਜਾਣ ਵਾਲੀ DAC ਰਕਮ ਇਸ ਗੱਲ ਨੂੰ ਧਿਆਨ ਵਿੱਚ ਰੱਖਦੀ ਹੈ ਕਿ ਤੁਸੀਂ RAC ਦੀ ਪੂਰੀ ਜਾਂ ਅੰਸ਼ਕ ਰਕਮ ਪਹਿਲਾਂ ਹੀ ਭਰੀ ਹੈ ਜਾਂ ਨਹੀਂ। ਜਦੋਂ ਵੀ Services Australia ਨਵਾਂ ਫ਼ੀਸ ਸਲਾਹ ਪੱਤਰ ਭੇਜਦਾ ਹੈ, ਤਾਂ ਤੁਹਾਡੇ ਬਿਰਧ ਦੇਖਭਾਲ ਸੇਵਾ ਪ੍ਰਦਾਤਾ ਦੁਆਰਾ ਇਨ੍ਹਾਂ ਰਕਮਾਂ ਦੀ ਮੁੜ ਗਣਨਾ ਕਰਨੀ ਲਾਜ਼ਮੀ ਹੁੰਦੀ ਹੈ। ਇਹ ਯਕੀਨੀ ਬਣਾਏਗਾ ਕਿ ਤੁਸੀਂ ਆਪਣੇ ਵਿੱਤੀ ਹਾਲਾਤਾਂ ਲਈ ਸਹੀ ਰਕਮ ਦਾ ਭੁਗਤਾਨ ਕਰਦੇ ਰਹੋ।

ਰਿਹਾਇਸ਼ ਦੇ ਖ਼ਰਚਿਆਂ ਬਾਰੇ ਵਧੇਰੇ ਜਾਣਕਾਰੀ My Aged Care ਦੀ ਵੈੱਬਸਾਈਟ 'ਤੇ ਉਪਲਬਧ ਹੈ: **MyAgedCare.gov.au/Understanding-Aged-Care-Home-Accommodation-Costs**

ਰਿਹਾਇਸ਼ੀ ਰੈਸਪਾਈਟ ਕੇਅਰ ਖ਼ਰਚੇ

ਜੇਕਰ ਤੁਸੀਂ ਕਿਸੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਰਾਹੀਂ ਰਿਹਾਇਸ਼ੀ ਰੈਸਪਾਈਟ ਕੇਅਰ ਪ੍ਰਾਪਤ ਕਰਦੇ ਹੋ, ਤਾਂ ਤੁਹਾਨੂੰ ਹੋਟਲਿੰਗ ਯੋਗਦਾਨ, ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਜਾਂ ਰਿਹਾਇਸ਼ ਦੇ ਖ਼ਰਚੇ ਦਾ ਭੁਗਤਾਨ ਨਹੀਂ ਕਰਨਾ ਪਵੇਗਾ।

ਤੁਸੀਂ ਮੁੱਢਲੀ ਰੋਜ਼ਾਨਾ ਫ਼ੀਸ ਅਤੇ ਸ਼ਾਇਦ ਇੱਕ ਬੁਕਿੰਗ ਫ਼ੀਸ ਦੇ ਭੁਗਤਾਨ ਦੀ ਉਮੀਦ ਕਰ ਸਕਦੇ ਹੋ। DVA ਯੋਗ ਸਾਬਕਾ ਸੈਨਿਕਾਂ ਅਤੇ ਜੰਗੀ ਵਿਧਵਾਵਾਂ/ਵਿਧੁਰਾਂ ਲਈ ਮੁੱਢਲੀ ਰੋਜ਼ਾਨਾ ਫ਼ੀਸ ਦਾ ਭੁਗਤਾਨ ਕਰ ਸਕਦਾ ਹੈ। ਮੁਲਾਂਕਣ ਲਈ ਵੈਟਰਨਜ਼ ਹੋਮ ਕੇਅਰ ਨਾਲ ਫ਼ੋਨ ਕਾਲ **1300 550 450** 'ਤੇ ਸੰਪਰਕ ਕਰੋ।

ਬੁਕਿੰਗ ਫ਼ੀਸ ਰਿਹਾਇਸ਼ੀ ਰੈਸਪਾਈਟ ਕੇਅਰ ਫ਼ੀਸ ਦੀ ਇੱਕ ਪੇਸ਼ਗੀ ਰਕਮ ਹੁੰਦੀ ਹੈ ਅਤੇ ਇਹ ਪੂਰੇ ਹਫ਼ਤੇ ਦੀ ਫ਼ੀਸ, ਜਾਂ ਪੂਰੇ ਠਹਿਰਾਅ ਦੌਰਾਨ ਦੀ ਫ਼ੀਸ ਦਾ 25% ਤੋਂ ਵੱਧ ਨਹੀਂ ਹੋ ਸਕਦੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕਿਹੜੀ ਰਕਮ ਸਭ ਤੋਂ ਘੱਟ ਹੈ।

ਜੇਕਰ ਤੁਸੀਂ ਆਪਣੀ ਰੈਸਪਾਈਟ ਕੇਅਰ ਬੁਕਿੰਗ ਦਾਖਲ ਹੋਣ ਦੀ ਮਿਤੀ ਤੋਂ 7 ਦਿਨ ਪਹਿਲਾਂ ਰੱਦ ਕਰ ਦਿੰਦੇ ਹੋ, ਤਾਂ ਤੁਹਾਡਾ ਸੇਵਾ ਪ੍ਰਦਾਤਾ ਨੂੰ ਤੁਹਾਡੀ ਬੁਕਿੰਗ ਫ਼ੀਸ ਵਾਪਸ ਕਰਨਾ ਲਾਜ਼ਮੀ ਹੈ।

ਤੁਸੀਂ ਅਜਿਹੀਆਂ ਵਾਧੂ ਚੀਜ਼ਾਂ ਅਤੇ ਸੇਵਾਵਾਂ ਲਈ ਭੁਗਤਾਨ ਕਰਨ ਦੀ ਚੋਣ ਕਰ ਸਕਦੇ ਹੋ, ਜੋ ਤੁਹਾਡੇ ਬਿਰਧ ਦੇਖਭਾਲ ਘਰ ਵੱਲੋਂ ਲਾਜ਼ਮੀ ਤੌਰ 'ਤੇ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਦੇਖਭਾਲ ਅਤੇ ਸੇਵਾਵਾਂ ਤੋਂ ਉੱਪਰ ਹੋਣ। ਉੱਚ ਪੱਧਰੀ ਰੋਜ਼ਾਨਾ ਜੀਵਨ ਫ਼ੀਸ ਤੁਹਾਡੇ ਅਤੇ ਤੁਹਾਡੇ ਸੇਵਾ ਪ੍ਰਦਾਤਾ ਦਰਮਿਆਨ ਸਹਿਮਤੀ ਨਾਲ ਤੈਅ ਕੀਤੀ ਜਾਂਦੀ ਹੈ, ਅਤੇ ਇਹ ਸਿਰਫ਼ ਤੁਹਾਡੇ ਦੇਖਭਾਲ ਵਿੱਚ ਦਾਖਲ ਹੋਣ ਤੋਂ ਬਾਅਦ ਹੀ ਤੈਅ ਕੀਤੀ ਜਾ ਸਕਦੀ ਹੈ।

ਇੱਕ ਵਾਰ ਜਦੋਂ ਤੁਹਾਡੇ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਰੈਸਪਾਈਟ ਕੇਅਰ ਦੇ ਦਿਨ ਖ਼ਤਮ ਹੋ ਜਾਂਦੇ ਹਨ, ਅਤੇ ਜੇਕਰ ਤੁਸੀਂ ਦੇਖਭਾਲ ਵਿੱਚ ਰਹਿੰਦੇ ਹੋ, ਤਾਂ ਤੁਹਾਡਾ ਸੇਵਾ ਪ੍ਰਦਾਤਾ ਤੁਹਾਡੇ ਤੋਂ ਇੱਕ ਵਾਧੂ ਰਕਮ ਵਜੋਂ ਚਾਰਜ ਕਰ ਸਕਦਾ ਹੈ। ਇਹ ਪਹਿਲਾਂ ਹੀ ਸਹਿਮਤੀ ਨਾਲ ਤੈਅ ਹੋਣਾਚਾਹੀਦਾ ਹੈ ਅਤੇ ਤੁਹਾਡੇ ਸੇਵਾ ਸਮਝੌਤੇ ਵਿੱਚ ਦਰਜ ਹੋਣਾ ਲਾਜ਼ਮੀ ਹੈ।

ਮਾਹਰ ਸੇਵਾ ਪ੍ਰਦਾਤਾਵਾਂ ਦੇ ਖ਼ਰਚੇ

ਸਪੈਸ਼ਲਿਸਟ ਬਿਰਧ ਦੇਖਭਾਲ ਪ੍ਰੋਗਰਾਮ, ਜਿਵੇਂ ਕਿ NATSIFAC ਜਾਂ ਮਲਟੀ-ਪਰਪਜ਼ ਸਰਵਿਸਿਜ਼, ਆਪਣੀਆਂ ਫ਼ੀਸਾਂ ਦੀ ਗਣਨਾ ਵੱਖਰੇ ਢੰਗ ਨਾਲ ਕਰ ਸਕਦੇ ਹਨ। ਇਨ੍ਹਾਂ ਪ੍ਰੋਗਰਾਮਾਂ ਲਈ ਆਮਦਨੀ ਅਤੇ ਸਪੰਤੀ ਮੁਲਾਂਕਣ ਲਾਗੂ ਨਹੀਂ ਹੋ ਸਕਦਾ ਅਤੇ ਤੁਹਾਨੂੰ ਆਪਣੇ ਸੇਵਾ ਪ੍ਰਦਾਤਾ ਨਾਲ ਕਿਸੇ ਵੀ ਸੰਭਾਵੀ ਫ਼ੀਸ ਬਾਰੇ ਚਰਚਾ ਕਰਨੀ ਚਾਹੀਦੀ ਹੈ।

ਮਾਹਰ ਪ੍ਰਦਾਤਾਵਾਂ ਬਾਰੇ ਵਧੇਰੇ ਜਾਣਕਾਰੀ, My Aged Care ਦੀ ਵੈੱਬਸਾਈਟ: **MyAgedCare.gov.au/Support-People-Living-Rural-And-Remote-Areas** 'ਤੇ ਜਾਂ **MyAgedCare.gov.au/Support-Aboriginal-And-Torres-Strait-Islander-People** 'ਤੇ ਉਪਲਬਧ ਹੈ।

ਵਿੱਤੀ ਤੰਗੀ ਸਹਾਇਤਾ

ਜੇਕਰ ਤੁਹਾਨੂੰ ਆਪਣੇ ਵੱਸੋਂ ਬਾਹਰ ਦੇ ਕਾਰਨਾਂ ਕਰਕੇ ਆਪਣੀਆਂ ਰਿਹਾਇਸ਼ੀ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਮੱਦਦ ਉਪਲਬਧ ਹੈ। ਤੁਹਾਡੀ ਨਿੱਜੀ ਸਥਿਤੀ ਦੇ ਆਧਾਰ 'ਤੇ, ਤੁਸੀਂ ਆਪਣੀ ਮੁੱਢਲੀ ਰੋਜ਼ਾਨਾ ਫ਼ੀਸ, ਔਸਤਨ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤੀ ਦੇਖਭਾਲ ਫ਼ੀਸ, ਹੋਟਲਿੰਗ ਯੋਗਦਾਨ, ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ ਅਤੇ/ਜਾਂ ਰਿਹਾਇਸ਼ ਦੇ ਖ਼ਰਚਿਆਂ ਲਈ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਸਕਦੇ ਹੋ।

ਵਿੱਤੀ ਤੰਗੀ ਸਹਾਇਤਾ ਬਾਰੇ ਵਧੇਰੇ ਜਾਣਕਾਰੀ ਲਈ, **MyAgedCare.gov.au/Financial-Hardship-Assistance** ਦੀ ਵੈੱਬਸਾਈਟ 'ਤੇ ਜਾਓ ਜਾਂ Services Australia ਦੇ ਫ੍ਰੀਕਾਲ ਨੰਬਰ **1800 227 475** 'ਤੇ ਫ਼ੋਨ ਕਰੋ।

ਵਿੱਤੀ ਜਾਣਕਾਰੀ ਅਤੇ ਸਿੱਖਿਆ

ਆਪਣੀ ਬਿਰਧ ਦੇਖਭਾਲ ਸੇਵਾ ਲਈ ਭੁਗਤਾਨ ਕਿਵੇਂ ਕਰਨਾ ਹੈ, ਇਹ ਫ਼ੈਸਲਾ ਕਰਨ ਤੋਂ ਪਹਿਲਾਂ ਨਿਰਪੱਖ ਵਿੱਤੀ ਸਲਾਹ ਲੈਣਾ ਇੱਕ ਚੰਗਾ ਵਿਚਾਰ ਹੈ। ਕੁੱਝ ਭੁਗਤਾਨ ਤਰੀਕੇ ਤੁਹਾਡੀ ਪੈਨਸ਼ਨ ਅਤੇ ਬਿਰਧ ਦੇਖਭਾਲ ਫ਼ੀਸਾਂ ਅਤੇ ਯੋਗਦਾਨ ਰਕਮਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇਸ ਤੋਂ ਇਲਾਵਾ, ਜੇਕਰ ਤੁਹਾਨੂੰ ਅਤੇ ਤੁਹਾਡੇ ਜੀਵਨਸਾਥੀ ਦੋਵਾਂ ਨੂੰ ਬਿਰਧ ਦੇਖਭਾਲ ਸੇਵਾ ਲੈਣ ਦੀ ਲੋੜ ਹੈ, ਤਾਂ ਤੁਹਾਡੇ ਦੋਹਾਂ ਦੇ ਭੁਗਤਾਨ ਤਰੀਕੇ ਇੱਕ-ਦੂਜੇ ਇੱਕ ਦੂਜੇ ਦੀਆਂ ਬਿਰਧ ਦੇਖਭਾਲ ਫ਼ੀਸਾਂ ਅਤੇ ਯੋਗਦਾਨਾਂ 'ਤੇ ਅਸਰ ਪਾ ਸਕਦੇ ਹਨ।

ਬਿਰਧ ਦੇਖਭਾਲ ਫ਼ੀਸਾਂ ਅਤੇ ਯੋਗਦਾਨਾਂ ਬਾਰੇ ਹੋਰ ਜਾਣਨ ਲਈ, **1800 227 475** 'ਤੇ ਮੁਫ਼ਤ ਫ਼ੋਨ ਕਰੋ ਅਤੇ Services Australia ਦੇ ਚੁਣੇ ਹੋਏ ਸੇਵਾ ਕੇਂਦਰਾਂ ਵਿੱਚ, ਜੇਕਰ ਤੁਹਾਡੇ ਖੇਤਰ ਵਿੱਚ ਕੋਈ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਹੈ, ਤਾਂ ਉਸ ਨਾਲ ਅਪੋਇੰਟਮੈਂਟ ਬੁੱਕ ਕਰੋ, ਜਾਂ ਵੀਡੀਓ ਚੈਟ ਦੀ ਵਰਤੋਂ ਕਰੋ।

ਤੁਸੀਂ ਆਪਣੇ ਪੈਸਿਆਂ ਦੀ ਸਾਂਭ-ਸੰਭਾਲ ਬਾਰੇ ਮੁੱਢਲੀ ਜਾਣਕਾਰੀ Services Australia ਦੀ Financial Information Service (ਫਾਈਨੈਂਸ਼ੀਅਲ ਇਨਫਰਮੇਸ਼ਨ ਸਰਵਿਸ) ਤੋਂ ਵੀ ਪ੍ਰਾਪਤ ਕਰ ਸਕਦੇ ਹੋ। ਇਹ ਮੁਫ਼ਤ ਸੇਵਾ ਤੁਹਾਡੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਲਈ ਨਿਵੇਸ਼ ਅਤੇ ਵਿੱਤੀ ਮਾਮਲਿਆਂ ਬਾਰੇ ਸੂਚਿਤ ਫ਼ੈਸਲੇ ਲੈਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। **ServicesAustralia.gov.au/Financial-Information-Service** ਵੈੱਬਸਾਈਟ 'ਤੇ ਜਾਓ।

2 ਬਿਰਧ ਦੇਖਭਾਲ ਘਰ ਲੱਭੋ

ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਬਾਰੇ ਫ਼ੈਸਲਾ ਲੈਂਦੇ ਸਮੇਂ, ਇਹ ਪਤਾ ਲਗਾਉਣਾ ਮਹੱਤਵਪੂਰਨ ਹੁੰਦਾ ਹੈ ਕਿ ਕੀ ਇਹ ਘਰ ਹੁਣ ਅਤੇ ਭਵਿੱਖ ਵਿੱਚ ਤੁਹਾਡੀਆਂ ਲੋੜਾਂ ਨੂੰ ਪੂਰਾ ਕਰ ਸਕਦਾ ਹੈ। ਆਪਣੀ ਲੋੜ ਮੁਤਾਬਕ ਢੁੱਕਵਾਂ ਥਾਂ ਲੱਭਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਤੁਸੀਂ ਕੁੱਝ ਵੱਖ-ਵੱਖ ਘਰਾਂ ਵਿੱਚ ਜਾਓ ਅਤੇ ਮੁਆਇਨਾ ਕਰੋ:

- ਉੱਥੇ ਰਿਹਾਇਸ਼ ਕਿਹੋ ਜਿਹੀ ਹੈ?
- ਉਹ ਕਿਸ ਤਰ੍ਹਾਂ ਦੀ ਦੇਖਭਾਲ, ਸੇਵਾਵਾਂ ਅਤੇ ਗਤੀਵਿਧੀਆਂ ਪੇਸ਼ ਕਰਦੇ ਹਨ
- ਉਹ ਤੁਹਾਡੀਆਂ ਵਿਅਕਤੀਗਤ ਲੋੜਾਂ ਨੂੰ ਸਭ ਤੋਂ ਵਧੀਆ ਕਿਵੇਂ ਪੂਰਾ ਕਰ ਸਕਦੇ ਹਨ
- ਰਿਹਾਇਸ਼ ਦੀਆਂ ਕੀਮਤਾਂ
- ਕੋਈ ਵੀ ਵਾਧੂ ਸਾਮਾਨ ਅਤੇ ਸੇਵਾਵਾਂ, ਜਿਨ੍ਹਾਂ ਲਈ ਰੋਜ਼ਾਨਾ ਜੀਵਨ ਦੀ ਉੱਚ ਪੱਧਰੀ ਫ਼ੀਸ ਲਾਗੂ ਹੋ ਸਕਦੀ ਹੈ।

ਤੁਸੀਂ ਇਸ ਤਰ੍ਹਾਂ ਸੇਵਾ ਪ੍ਰਦਾਤਾ ਲੱਭ ਸਕਦੇ ਹੋ:

- ਪ੍ਰਦਾਤਾਵਾਂ ਦੀ ਖੋਜ ਅਤੇ ਤੁਲਨਾ ਕਰਨ ਲਈ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰਦੇ ਹੋਏ
- My Aged Care ਨੂੰ **1800 200 422** 'ਤੇ ਮੁਫ਼ਤ ਫ਼ੋਨ ਕਰਕੇ, ਉਹ ਤੁਹਾਨੂੰ ਟੈਲੀਫੋਨ ਰਾਹੀਂ ਨਜ਼ਦੀਕੀ ਬਿਰਧ ਦੇਖਭਾਲ ਘਰਾਂ ਦੀ ਸੂਚੀ ਦੇ ਸਕਦੇ ਹਨ ਜਾਂ ਡਾਕ ਰਾਹੀਂ ਭੇਜ ਸਕਦੇ ਹਨ।
- ਜੇਕਰ ਤੁਹਾਡੇ ਖੇਤਰ ਵਿੱਚ Services Australia ਦੇ ਕਿਸੇ ਚੁਣੇ ਹੋਏ ਕੇਂਦਰ ਵਿੱਚ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਉਪਲਬਧ ਹੈ, ਤਾਂ ਉਨ੍ਹਾਂ ਨਾਲ ਗੱਲ ਕਰਕੇ ਜਾਂ ਵੀਡੀਓ ਚੈਟ ਰਾਹੀਂ ਜਾਣਕਾਰੀ ਲੈ ਸਕਦੇ ਹੋ ਅਪੋਇੰਟਮੈਂਟ ਬੁੱਕ ਕਰਨ ਲਈ, ਹਫ਼ਤੇ ਦੇ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ **1800 227 475** 'ਤੇ ਮੁਫ਼ਤ ਕਾਲ ਕਰੋ।

ਸਟਾਰ ਰੇਟਿੰਗਸ ਤੁਹਾਨੂੰ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਦੀ ਗੁਣਵੱਤਾ ਅਤੇ ਸੁਰੱਖਿਆ ਦੀ ਤੁਲਨਾ ਕਰਨ ਵਿੱਚ ਮੱਦਦ ਕਰ ਸਕਦੀਆਂ ਹਨ। ਸਾਰੇ ਬਿਰਧ ਦੇਖਭਾਲ ਰਿਹਾਇਸ਼ੀ ਘਰਾਂ ਨੂੰ ਓਵਰਆਲ ਸਟਾਰ ਰੇਟਿੰਗ ਮਿਲਦੀ ਹੈ, ਨਾਲ ਹੀ 4 ਉਪ-ਸ਼੍ਰੇਣੀਆਂ ਵਿੱਚ ਵੀ ਰੇਟਿੰਗ ਮਿਲਦੀ ਹੈ - ਨਿਵਾਸੀਆਂ ਦਾ ਅਨੁਭਵ, ਕਾਨੂੰਨ ਪਾਲਣਾ, ਸਟਾਫ਼ਿੰਗ ਅਤੇ ਗੁਣਵੱਤਾ ਮਾਪਦੰਡ।

ਤੁਸੀਂ ਆਪਣੇ ਲਈ ਮਹੱਤਵਪੂਰਨ ਚੀਜ਼ਾਂ ਜਿਵੇਂ ਕਿ ਸਿਹਤ ਸਹਾਇਤਾ, ਭਾਸ਼ਾ ਅਤੇ ਧਰਮ ਦੇ ਆਧਾਰ 'ਤੇ ਘਰਾਂ ਨੂੰ ਛਾਂਟ ਸਕਦੇ ਹੋ। ਤੁਸੀਂ ਇਹ ਵੀ ਦੇਖ ਸਕਦੇ ਹੋ ਕਿ ਬਿਰਧ ਦੇਖਭਾਲ ਨਿਵਾਸੀ ਆਪਣੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਵਿੱਚ ਮਿਲਣ ਵਾਲੀ ਦੇਖਭਾਲ ਅਤੇ ਸੇਵਾਵਾਂ ਬਾਰੇ ਕਿਵੇਂ ਮਹਿਸੂਸ ਕਰਦੇ ਹਨ, ਜਿਵੇਂ ਕਿ 'ਕੀ ਤੁਸੀਂ ਇੱਥੇ ਸੁਰੱਖਿਅਤ ਮਹਿਸੂਸ ਕਰਦੇ ਹੋ' ਜਾਂ 'ਕੀ ਤੁਹਾਨੂੰ ਇੱਥੇ ਖਾਣਾ ਪਸੰਦ ਹੈ'।

ਤੁਸੀਂ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰਕੇ ਕਿਸੇ ਬਿਰਧ ਦੇਖਭਾਲ ਹੋਮ ਦੀ ਸਟਾਰ ਰੇਟਿੰਗ ਦੇਖ ਸਕਦੇ ਹੋ।

ਐਲਡਰ ਕੇਅਰ ਸਪੋਰਟ ਪ੍ਰੋਗਰਾਮ, ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਸਮਝਣ ਵਿੱਚ ਮੱਦਦ ਕਰ ਸਕਦਾ ਹੈ। ਆਪਣੇ ਨੇੜੇ ਐਲਡਰ ਕੇਅਰ ਸਪੋਰਟ ਪ੍ਰੋਗਰਾਮ ਵਰਕਰ ਲੱਭਣ ਲਈ, My Aged Care ਦੀ ਵੈੱਬਸਾਈਟ **MyAgedCare.gov.au/Support-Aboriginal-And-Torres-Strait-Islander-People** 'ਤੇ ਜਾਓ।

ਸੇਵਾ ਪ੍ਰਦਾਤਾਵਾਂ ਨਾਲ ਮੁਲਾਕਾਤ ਕਰੋ

ਕਿਸੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਜਾਣ ਤੋਂ ਪਹਿਲਾਂ, ਉਨ੍ਹਾਂ ਚੀਜ਼ਾਂ ਦੀ ਇੱਕ ਸੂਚੀ ਬਣਾਓ ਜੋ ਤੁਹਾਡੇ ਲਈ ਮਹੱਤਵਪੂਰਨ ਹਨ। ਤੁਸੀਂ ਆਪਣੇ ਨਾਲ ਇਹ ਦਸਤਾਵੇਜ਼ ਲੈ ਕੇ ਜਾਣਾ ਚਾਹ ਸਕਦੇ ਹੋ:

- ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਵੱਲੋਂ ਮਿਲੀ ਚਿੱਠੀ ਅਤੇ ਰੈਫ਼ਰਲ ਕੋਡ ਦੀ ਜਾਣਕਾਰੀ, ਕਿਉਂਕਿ ਕੁੱਝ ਘਰ ਇਹ ਦੇਖਣਾ ਚਾਹੁਣਗੇ ਕਿ ਤੁਹਾਨੂੰ ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ ਪ੍ਰਾਪਤ ਕਰਨ ਲਈ ਮੰਨਜ਼ੂਰੀ ਮਿਲ ਚੁੱਕੀ ਹੈ ਜਾਂ ਨਹੀਂ, ਅਤੇ ਤੁਹਾਨੂੰ ਕਿਹੜੀਆਂ ਸੇਵਾਵਾਂ ਦੀ ਲੋੜ ਹੈ।
- ਜੇਕਰ ਤੁਹਾਡੇ ਕੋਲ ਪਹਿਲਾਂ ਹੀ ਆਮਦਨੀ ਅਤੇ ਸੰਪਤੀ ਮੁਲਾਂਕਣ ਦਾ ਨਤੀਜਾ ਹੈ, ਤਾਂ Services Australia ਵੱਲੋਂ ਦਿੱਤਾ ਗਿਆ ਪ੍ਰੀ-ਐਂਟਰੀ ਮੁਲਾਂਕਣ ਪੱਤਰ।

ਜਦੋਂ ਤੁਸੀਂ ਹਰ ਬਿਰਧ ਦੇਖਭਾਲ ਘਰ ਵਿੱਚ ਜਾਵੋਗੇ, ਤਾਂ ਤੁਸੀਂ ਇਹ ਨੋਟ ਬਣਾਉਣਾ ਚਾਹ ਸਕਦੇ ਹੋ ਕਿ ਤੁਹਾਨੂੰ ਕੀ ਚੰਗਾ ਲੱਗਿਆ, ਕੀ ਨਹੀਂ, ਅਤੇ ਕੀ ਤੁਸੀਂ ਉੱਥੇ ਆਪਣੇ ਆਪ ਨੂੰ ਆਰਾਮਦਾਇਕ ਮਹਿਸੂਸ ਕਰਦੇ ਹੋ। ਸਟਾਫ਼ ਅਤੇ ਵਾਤਾਵਰਨ ਬਾਰੇ ਤੁਹਾਡਾ ਅਨੁਭਵ, ਤੁਹਾਨੂੰ ਇਹ ਫ਼ੈਸਲਾ ਲੈਣ ਵਿੱਚ ਮੱਦਦ ਕਰੇਗਾ ਕਿ ਤੁਹਾਡੇ ਲਈ ਸਭ ਤੋਂ ਢੁੱਕਵਾਂ ਬਿਰਧ ਦੇਖਭਾਲ ਘਰ ਕਿਹੜਾ ਹੈ।

ਇਸ ਕਿਤਾਬਚੇ ਦੇ ਆਖ਼ਰ ਵਿੱਚ ਦਿੱਤੀ ਗਈ ਚੈੱਕਲਿਸਟ ਦੀ ਵਰਤੋਂ ਬਿਰਧ ਦੇਖਭਾਲ ਸੇਵਾ ਬਾਰੇ ਖੋਜ ਅਤੇ ਤਿਆਰੀ ਵਿੱਚ ਤੁਹਾਡੀ ਮੱਦਦ ਕਰਨ ਲਈ ਕਰੋ।

ਬਿਰਧ ਦੇਖਭਾਲ ਸੇਵਾ ਪ੍ਰਦਾਤਾਵਾਂ ਤੋਂ ਪੁੱਛੇ ਜਾਣ ਵਾਲੇ ਸਵਾਲ:

- ਕਿਸ ਤਰ੍ਹਾਂ ਦੀਆਂ ਦੇਖਭਾਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ/ਨਹੀਂ ਦਿੱਤੀਆਂ ਜਾਂਦੀਆਂ ਹਨ? ਮੈਨੂੰ ਕਿਹੜੀਆਂ ਸੇਵਾਵਾਂ ਲਈ ਭੁਗਤਾਨ ਕਰਨਾ ਪਵੇਗਾ?
- ਕੀ ਤੁਸੀਂ ਮੇਰੀਆਂ ਡਾਕਟਰੀ ਲੋੜਾਂ ਜਿਵੇਂ ਕਿ ਦਵਾਈ ਲੈਣਾ ਜਾਂ ਜ਼ਖ਼ਮ ਦੀ ਦੇਖਭਾਲ ਵਿੱਚ ਮੱਦਦ ਕਰ ਸਕਦੇ ਹੋ?
- ਕੀ ਤੁਸੀਂ ਮੇਰੀਆਂ ਵਿਅਕਤੀਗਤ ਲੋੜਾਂ ਪੂਰੀਆਂ ਕਰ ਸਕਦੇ ਹੋ? ਇਹਨਾਂ ਵਿੱਚ ਭਾਸ਼ਾ ਅਤੇ ਸੱਭਿਆਚਾਰ, ਧਾਰਮਿਕ ਵਿਸ਼ਵਾਸ, ਲਿੰਗਕਤਾ ਜਾਂ ਲਿੰਗ ਪਛਾਣ, ਪਾਲਤੂ ਜਾਨਵਰ ਅਤੇ ਡਾਕਟਰੀ ਮੁਲਾਕਾਤਾਂ ਤੱਕ ਪਹੁੰਚ ਸ਼ਾਮਲ ਹੋ ਸਕਦੀ ਹੈ।
- ਖਾਣੇ ਦੇ ਕੀ ਪ੍ਰਬੰਧ ਹਨ? ਇਹਨਾਂ ਵਿੱਚ ਬੈਠਣ ਦਾ ਪ੍ਰਬੰਧ, ਖਾਣੇ ਦੇ ਸਮੇਂ, ਭੋਜਨ ਸੂਚੀ, ਮਹਿਮਾਨ, ਕਮਰੇ ਵਿੱਚ ਭੋਜਨ ਲੈਣ ਦੀ ਸਹੂਲਤ ਅਤੇ ਵਿਸ਼ੇਸ਼ ਖੁਰਾਕ ਸ਼ਾਮਲ ਹਨ।
- ਤੁਸੀਂ ਮੇਰੀ ਨਿੱਜਤਾ ਅਤੇ ਸੁਰੱਖਿਆ ਨੂੰ ਕਿਵੇਂ ਯਕੀਨੀ ਬਣਾਉਂਦੇ ਹੋ?
- ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਦਾ ਫ਼ੈਸਲਾ ਕਿਵੇਂ ਕੀਤਾ ਜਾਂਦਾ ਹੈ? ਮੇਰੇ ਹਿੱਤਾਂ ਨੂੰ ਕਿਵੇਂ ਵਿਚਾਰਿਆ ਜਾਂਦਾ ਹੈ?
- ਦੁਕਾਨਾਂ 'ਤੇ ਜਾਣ, ਪਰਿਵਾਰ ਅਤੇ ਦੋਸਤਾਂ ਜਾਂ ਡਾਕਟਰੀ ਅਪੋਇੰਟਮੈਂਟਾਂ ਲਈ ਮੈਂ ਕਿਸ ਆਵਾਜਾਈ ਦੀ ਵਰਤੋਂ ਕਰ ਸਕਦਾ ਹਾਂ? ਇਸਦੀ ਕੀਮਤ ਕਿੰਨੀ ਹੋਵੇਗੀ?
- ਦੇਖਭਾਲ ਕਰਨ ਵਾਲੇ ਸਟਾਫ਼ ਕੋਲ ਕਿਹੜੀ ਸਿਖਲਾਈ ਹੁੰਦੀ ਹੈ? ਕੀ ਮੇਰੀਆਂ ਦੇਖਭਾਲ ਦੀਆਂ ਲੋੜਾਂ ਪੂਰੀਆਂ ਕਰਨ ਲਈ ਮੈਨੂੰ ਯੋਗਤਾ ਪ੍ਰਾਪਤ ਨਰਸਾਂ ਅਤੇ ਨਿੱਜੀ ਦੇਖਭਾਲ ਕਰਮਚਾਰੀਆਂਦੀ ਸਹੂਲਤ ਮਿਲੇਗੀ? ਰਾਤ ਦੇ ਸਮੇਂ ਕਿੰਨੇ ਸਟਾਫ਼ ਮੈਂਬਰ ਦੇਖਭਾਲ ਪ੍ਰਦਾਨ ਕਰਦੇ ਹਨ?
- ਮੇਰਾ ਜੀਵਨਸਾਥੀ, ਪਰਿਵਾਰ ਅਤੇ ਦੋਸਤ ਮੇਰੀ ਦੇਖਭਾਲ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹਨ? ਕੀ ਲੋੜ ਪੈਣ 'ਤੇ ਉਹ ਰਾਤ ਭਰ ਰਹਿ ਸਕਦੇ ਹਨ? ਜੇਕਰ ਮੈਂ ਆਪਣੇ ਪਰਿਵਾਰਕ ਮੈਂਬਰਾਂ ਕੋਲ ਰਾਤ ਰਹਿਣਾ ਚਾਹਾਂ ਤਾਂ ਕੀ ਇਹ ਸੰਭਵ ਹੈ?

- ਕੀ ਤੁਸੀਂ ਅਪੋਇੰਟਮੈਂਟਾਂ ਅਤੇ ਸਿਹਤ ਸੇਵਾਵਾਂ ਤੱਕ ਪਹੁੰਚ ਦਾ ਪ੍ਰਬੰਧ ਕਰ ਸਕਦੇ ਹੋ? ਕੀ ਮੈਂ ਆਪਣੇ GP ਅਤੇ ਹੋਰ ਸਿਹਤ ਪ੍ਰੈਕਟੀਸ਼ਨਰਾਂ ਨੂੰ ਮਿਲਣਾ ਜਾਰੀ ਰੱਖ ਸਕਦਾ ਹਾਂ?
- ਗੁਣਵੱਤਾ ਵਾਲੀਆਂ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਕਿਹੜੀਆਂ ਜਾਂਚ ਵਿਧੀਆਂ ਲਾਗੂ ਹਨ? ਇਸ ਬਿਰਧ ਦੇਖਭਾਲ ਘਰ ਨੇ ਆਪਣੇ ਮਾਨਤਾ ਆਡਿਟ ਵਿੱਚ ਕਿਹੋ ਜਿਹਾ ਪ੍ਰਦਰਸ਼ਨ ਕੀਤਾ? ਤੁਸੀਂ ਦੇਖਭਾਲ ਅਤੇ ਸੇਵਾਵਾਂ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਕੀ ਕਰ ਰਹੇ ਹੋ?
- ਕੀ ਤੁਹਾਡੇ ਕੋਲ ਸਰਕਾਰ ਦੁਆਰਾ ਨਿਰਧਾਰਤ ਹੋਮ ਕੇਅਰ ਮਿੰਟਾਂ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਯੋਗ ਨਰਸਾਂ ਅਤੇ ਨਿੱਜੀ ਦੇਖਭਾਲ ਕਰਮਚਾਰੀਆਂ ਦਾ ਸਹੀ ਮਿਸ਼ਰਣ ਹੈ?
- ਤੁਸੀਂ ਕਿਹੜੇ ਖੇਤਰਾਂ ਵਿੱਚ ਸੁਧਾਰ ਕਰਨ ਲਈ ਕੰਮ ਕਰ ਰਹੇ ਹੋ ਅਤੇ ਤੁਸੀਂ ਕਿਹੜੇ ਨਤੀਜੇ ਦੇਖੇ ਹਨ? ਤੁਸੀਂ ਬਜ਼ੁਰਗਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਫ਼ੈਸਲਿਆਂ ਜਾਂ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਕਿਵੇਂ ਸ਼ਾਮਲ ਕਰਦੇ ਹੋ?
- ਮੈਂ ਕਿਸੇ ਚਿੰਤਾ ਜਾਂ ਸ਼ਿਕਾਇਤ ਬਾਰੇ ਕਿਸ ਨਾਲ ਗੱਲ ਕਰਾਂ? ਸ਼ਿਕਾਇਤਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਂਦਾ ਹੈ?

3 ਕਿਸੇ ਬਿਰਧ ਦੇਖਭਾਲ ਘਰ ਵਿੱਚ ਅਰਜ਼ੀ ਦਿਓ ਅਤੇ ਪੇਸ਼ਕਸ਼ ਸਵੀਕਾਰ ਕਰੋ

ਜਦੋਂ ਤੁਹਾਨੂੰ ਕੋਈ ਬਿਰਧ ਦੇਖਭਾਲ ਰਿਹਾਇਸ਼ੀ ਘਰ ਮਿਲਦਾ ਹੈ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦਾ ਹੈ, ਤਾਂ ਤੁਸੀਂ ਕਮਰੇ ਲਈ ਅਰਜ਼ੀ ਦੇਣਾ ਸ਼ੁਰੂ ਕਰ ਸਕਦੇ ਹੋ। ਤੁਸੀਂ ਜਿੰਨੇ ਮਰਜ਼ੀ ਘਰਾਂ ਲਈ ਅਰਜ਼ੀ ਦੇ ਸਕਦੇ ਹੋ। ਕਈ ਘਰਾਂ ਲਈ ਅਰਜ਼ੀ ਦੇਣਾ ਇੱਕ ਚੰਗਾ ਵਿਚਾਰ ਹੈ ਕਿਉਂਕਿ ਸ਼ਾਇਦ ਤੁਹਾਡੇ ਪਸੰਦੀਦਾ ਘਰ ਵਿੱਚ ਕੋਈ ਵੀ ਕਮਰਾ ਖ਼ਾਲੀ ਨਾ ਹੋਵੇ। ਜਦੋਂ ਕੋਈ ਕਮਰਾ ਉਪਲਬਧ ਹੁੰਦਾ ਹੈ, ਤਾਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਤੁਹਾਡੇ ਨਾਲ ਜਾਂ ਤੁਹਾਡੇ ਨਾਮਜ਼ਦ ਸੰਪਰਕ ਵਿਅਕਤੀ ਨਾਲ ਸੰਪਰਕ ਕਰੇਗਾ।

ਇੱਕ ਅਰਜ਼ੀ ਫਾਰਮ ਭਰੋ

ਸਾਰੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਦੀਆਂ ਆਪਣੀਆਂ ਅਰਜ਼ੀ ਪ੍ਰਕਿਰਿਆਵਾਂ ਹੁੰਦੀਆਂ ਹਨ ਅਤੇ ਉਹ ਤੁਹਾਨੂੰ ਇੱਕ ਫਾਰਮ ਭਰਨ ਲਈ ਕਹਿ ਸਕਦੇ ਹਨ। ਉਨ੍ਹਾਂ ਘਰਾਂ ਨਾਲ ਗੱਲ ਕਰੋ ਜਿਨ੍ਹਾਂ ਵਿੱਚ ਤੁਹਾਡੀ ਦਿਲਚਸਪੀ ਹੈ ਅਤੇ ਪਤਾ ਕਰੋ ਕਿ ਉਨ੍ਹਾਂ ਕੋਲ ਕਿਹੜੀ ਪ੍ਰਕਿਰਿਆ ਹੈ ਅਤੇ ਉਨ੍ਹਾਂ ਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ।

ਤੁਹਾਨੂੰ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਤੋਂ ਪ੍ਰਾਪਤ ਹੋਇਆ ਵਿਲੱਖਣ ਰੈਫ਼ਰਲ ਕੋਡ ਆਪਣੇ ਚੁਣੇ ਹੋਏ ਸੇਵਾ ਪ੍ਰਦਾਤਾ/ਪ੍ਰਦਾਤਾਵਾਂ ਨੂੰ ਦੇਣਾ ਪਵੇਗਾ। ਇਸ ਨਾਲ ਉਹ ਤੁਹਾਡੇ ਕਲਾਇੰਟ ਰਿਕਾਰਡ ਨੂੰ ਦੇਖ ਸਕਣਗੇ ਅਤੇ ਇੱਕ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਦਾਖਲ ਹੋਣ ਵਿੱਚ ਤੁਹਾਡੀ ਮੱਦਦ ਕਰਨ ਲਈ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ 'ਤੇ ਵਿਚਾਰ ਕਰ ਸਕਣਗੇ।

ਪੇਸ਼ਕਸ਼ ਸਵੀਕਾਰ ਕਰੋ

ਜਦੋਂ ਕੋਈ ਕਮਰਾ ਉਪਲਬਧ ਹੁੰਦਾ ਹੈ, ਤਾਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਤੁਹਾਡੇ ਨਾਲ ਜਾਂ ਤੁਹਾਡੇ ਨਾਮਜ਼ਦ ਸੰਪਰਕ ਵਿਅਕਤੀ ਨਾਲ ਸੰਪਰਕ ਕਰੇਗਾ। ਇੱਕ ਵਾਰ ਜਦੋਂ ਤੁਸੀਂ ਕਿਸੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਕਮਰੇ ਦੀ ਪੇਸ਼ਕਸ਼ ਸਵੀਕਾਰ ਕਰ ਲੈਂਦੇ ਹੋ, ਤਾਂ ਉਹ ਬਿਰਧ ਦੇਖਭਾਲ ਘਰ ਤੁਹਾਨੂੰ ਰਸਮੀ ਸਮਝੌਤਾ ਕਰਨ ਦੀ ਪੇਸ਼ਕਸ਼ ਕਰੇਗਾ ਜੋ ਸੇਵਾਵਾਂ, ਰਿਹਾਇਸ਼ ਦੇ ਖ਼ਰਚੇ, ਅਤੇ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾਵਾਂ ਦੇ ਖ਼ਪਤਕਾਰ ਵਜੋਂ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਵਰਗੀਆਂ ਚੀਜ਼ਾਂ ਨੂੰ ਕਵਰ ਕਰੇਗਾ।

ਆਪਣੀ ਉੱਥੇ ਜਾ ਕੇ ਰਹਿਣ ਦੀ ਤਿਆਰੀ ਲਈ, ਇਸ ਪੁਸਤਿਕਾ ਦੇ ਪਿੱਛੇ ਦਿੱਤੀ ਗਈ ਚੈੱਕਲਿਸਟ ਦੀ ਵਰਤੋਂ ਕਰੋ। ਇਸ ਵਿੱਚ ਤੁਹਾਡੇ ਡਾਕਟਰੀ ਅਤੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਰਨਾ ਸ਼ਾਮਲ ਹੈ, ਅਤੇ ਉਹਨਾਂ ਲੋਕਾਂ ਨੂੰ ਸੂਚਿਤ ਕਰਨਾ ਸ਼ਾਮਲ ਹੈ, ਜਿਨ੍ਹਾਂ ਨੂੰ ਤੁਸੀਂ ਆਪਣੀ ਜਾਣ ਬਾਰੇ ਦੱਸਣਾ ਚਾਹੁੰਦੇ ਹੋ।

4 ਆਪਣੇ ਬਿਰਧ ਦੇਖਭਾਲ ਘਰ ਨਾਲ ਸਮਝੌਤੇ 'ਤੇ ਦਸਤਖ਼ਤ ਕਰੋ

ਕਮਰਾ ਸਵੀਕਾਰ ਕਰਨ ਤੋਂ ਬਾਅਦ ਅਤੇ ਘਰ ਵਿੱਚ ਰਹਿਣ ਜਾਣ ਤੋਂ ਪਹਿਲਾਂ, ਤੁਹਾਡੇ ਬਿਰਧ ਦੇਖਭਾਲ ਘਰ ਨੂੰ ਤੁਹਾਨੂੰ ਇੱਕ ਸੇਵਾ ਸਮਝੌਤਾ ਪੇਸ਼ ਕਰਨਾ ਲਾਜ਼ਮੀ ਹੁੰਦਾ ਹੈ।

ਘਰ ਵਿੱਚ ਰਹਿਣ ਤੋਂ ਪਹਿਲਾਂ ਤੁਹਾਨੂੰ ਘਰ ਨਾਲ ਰਿਹਾਇਸ਼ੀ ਸਮਝੌਤਾ ਵੀ ਦਿੱਤਾ ਜਾਵੇਗਾ। ਇਹ ਤੁਹਾਡੇ ਸੇਵਾ ਸਮਝੌਤੇ ਦਾ ਹਿੱਸਾ ਵੀ ਹੋ ਸਕਦਾ ਹੈ, ਜਾਂ ਇਹ ਇੱਕ ਵੱਖਰਾ ਦਸਤਾਵੇਜ਼ ਹੋ ਸਕਦਾ ਹੈ। ਤੁਹਾਡੇ ਲਈ ਦੇਖਭਾਲ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਰਿਹਾਇਸ਼ ਸਮਝੌਤੇ 'ਤੇ ਦਸਤਖ਼ਤ ਕਰਨੇ ਲਾਜ਼ਮੀ ਹੈ।

ਇਹ ਸੇਵਾ ਸਮਝੌਤਾ ਅਤੇ ਰਿਹਾਇਸ਼ੀ ਸਮਝੌਤਾ ਤੁਹਾਡੇ ਅਤੇ ਤੁਹਾਡੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿਚਕਾਰ ਕਾਨੂੰਨੀ ਤੌਰ 'ਤੇ ਬਾਈਡਿੰਗ ਦਸਤਾਵੇਜ਼ ਹੁੰਦੇ ਹਨ।

ਇਹ ਦਸਤਾਵੇਜ਼ ਹੇਠ ਲਿਖੀਆਂ ਗੱਲਾਂ ਨੂੰ ਦਰਸਾਉਂਦੇ ਹਨ:

- ਉਪਲਬਧ ਦੇਖਭਾਲ ਅਤੇ ਸੇਵਾਵਾਂ
- ਤੁਹਾਨੂੰ ਕਿਹੜੀਆਂ ਫ਼ੀਸਾਂ, ਯੋਗਦਾਨ ਅਤੇ ਰਿਹਾਇਸ਼ ਦੇ ਖ਼ਰਚੇ ਦੇਣੇ ਪੈਣਗੇ
- ਫ਼ੀਸਾਂ, ਯੋਗਦਾਨ ਅਤੇ ਰਿਹਾਇਸ਼ ਦੇ ਖ਼ਰਚੇ ਕਿਵੇਂ ਭਰੇ ਜਾ ਸਕਦੇ ਹਨ
- ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ।

ਇਨ੍ਹਾਂ ਸਮਝੌਤਿਆਂ ਨਾਲ ਸਹਿਮਤ ਹੋਣ ਤੋਂ ਪਹਿਲਾਂ ਇਨ੍ਹਾਂ ਵਿਚਲੀ ਹਰ ਚੀਜ਼ ਨੂੰ ਸਮਝਣਾ ਮਹੱਤਵਪੂਰਨ ਹੈ। ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਤੁਹਾਨੂੰ ਆਪਣੇ ਨਵੇਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਤੋਂ ਪੁੱਛਣੇ ਚਾਹੀਦੇ ਹਨ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਤੁਹਾਨੂੰ ਪੇਸ਼ ਕੀਤੇ ਗਏ ਸਮਝੌਤੇ ਸਪੱਸ਼ਟ ਅਤੇ ਸਮਝਣਯੋਗ ਹਨ।

ਇਨ੍ਹਾਂ ਪ੍ਰਸਤਾਵਿਤ ਸਮਝੌਤਿਆਂ ਵਿੱਚ ਸ਼ਾਇਦ ਉਹ ਸਾਰੀਆਂ ਚੀਜ਼ਾਂ ਸ਼ਾਮਲ ਨਾ ਹੋਣ, ਜੋ ਤੁਸੀਂ ਮਹੱਤਵਪੂਰਨ ਸਮਝਦੇ ਹੋ, ਇਸ ਲਈ ਸਹਿਮਤ ਹੋਣ ਤੋਂ ਪਹਿਲਾਂ ਜ਼ਰੂਰ ਜਾਂਚ ਕਰੋ। ਤੁਸੀਂ ਇਹ ਵੀ ਪੁੱਛ ਸਕਦੇ ਹੋ:

- ਆਪਣੇ ਸੇਵਾ ਪ੍ਰਦਾਤਾ ਨੂੰ ਹੋਰ ਜਾਣਕਾਰੀ ਦੇਣ ਲਈ, ਜਿਵੇਂ ਘਰ ਦੇ ਖਾਣਾ ਅਤੇ ਮੁਲਾਕਾਤੀਆਂ ਸੰਬੰਧੀ ਨੀਤੀ, ਵਿਭਿੰਨਤਾ ਸ਼ਮੂਲੀਅਤ ਬਾਰੇ ਯੋਜਨਾ, ਅਤੇ ਘਰ ਵਿੱਚ ਰਹਿਣ ਬਾਰੇ ਹੋਰ ਜਾਣਕਾਰੀ
- ਆਪਣੇ ਪਰਿਵਾਰ, ਦੋਸਤਾਂ, ਦੇਖਭਾਲਕਰਤਾ, ਵਿੱਤੀ ਸਲਾਹਕਾਰ ਜਾਂ ਕਿਸੇ ਕਾਨੂੰਨੀ ਪੇਸ਼ੇਵਰ ਕੋਲੋਂ ਆਪਣੇ ਸਮਝੌਤਿਆਂ ਦੀਆਂ ਸ਼ਰਤਾਂ ਨੂੰ ਸਮਝਣ ਵਿੱਚ ਮੱਦਦ ਲੈਣ ਲਈ
- ਕਿਸੇ ਵਕੀਲ ਤੋਂ ਮੱਦਦ ਲੈਣ ਲਈ - ਬਜ਼ੁਰਗ ਵਿਅਕਤੀਆਂ ਦੀ ਵਕਾਲਤ ਨੈੱਟਵਰਕ (OPAN) ਨੂੰ **1800 700 600** 'ਤੇ ਮੁਫ਼ਤ ਫ਼ੋਨ ਕਰੋ।

ਆਪਣੇ ਪਸੰਦੀਦਾ ਸੇਵਾ ਪ੍ਰਦਾਤਾ ਨਾਲ ਆਪਣੇ ਸਮਝੌਤਿਆਂ 'ਤੇ ਗੱਲਬਾਤ ਕਰਨ ਵਿੱਚ ਮੱਦਦ ਲਈ ਕਿਤਾਬਚੇ ਦੇ ਪਿੱਛੇ ਦਿੱਤੀ ਗਈ ਚੈੱਕਲਿਸਟ ਦੀ ਵਰਤੋਂ ਕਰੋ।

ਤੁਹਾਡੀਆਂ ਫ਼ੀਸਾਂ, ਯੋਗਦਾਨਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਬਾਰੇ ਗੱਲਬਾਤ ਕਰਨ ਵਿੱਚ ਮੱਦਦ

ਤੁਸੀਂ ਕਿਸੇ ਨੂੰ ਬਿਰਧ ਦੇਖਭਾਲ ਸੇਵਾ ਪ੍ਰਦਾਤਾ ਨਾਲ ਤੁਹਾਡੀਆਂ ਫ਼ੀਸਾਂ, ਯੋਗਦਾਨਾਂ ਅਤੇ ਤੁਹਾਡੇ ਵੱਲੋਂ ਸਹਿਮਤ ਹੋਏ ਕਮਰੇ ਦੀ ਕੀਮਤ ਬਾਰੇ ਗੱਲਬਾਤ ਕਰਨ ਲਈ ਕਹਿ ਸਕਦੇ ਹੋ।

ਤੁਹਾਨੂੰ ਜਾਂ ਤੁਹਾਡੀ ਮੱਦਦ ਕਰਨ ਵਾਲੇ ਵਿਅਕਤੀ ਨੂੰ ਆਪਣੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਕਮਰੇ ਦੀ ਕੀਮਤ, ਫ਼ੀਸਾਂ ਅਤੇ ਯੋਗਦਾਨਾਂ ਬਾਰੇ ਚਰਚਾ ਕਰਨ ਅਤੇ ਰਸਮੀ ਤੌਰ 'ਤੇ ਸਹਿਮਤ ਹੋਣ ਦੀ ਲੋੜ ਹੋਵੇਗੀ।

ਸਮਝੌਤਿਆਂ 'ਤੇ ਦਸਤਖ਼ਤ ਕਰਨਾ

ਸੇਵਾ ਸਮਝੌਤਾ

ਇਹ ਸੇਵਾ ਸਮਝੌਤਾ ਰਿਹਾਇਸ਼ੀ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਦੇਖਭਾਲ ਅਤੇ ਸੇਵਾਵਾਂ ਅਤੇ ਲਾਗੂ ਹੋਣ ਵਾਲੀਆਂ ਕਿਸੇ ਵੀ ਫ਼ੀਸਾਂ ਬਾਰੇ ਜਾਣਕਾਰੀ ਦਿੰਦਾ ਹੈ।

ਰਿਹਾਇਸ਼ੀ ਸਮਝੌਤਾ

ਤੁਹਾਡੇ ਲਈ ਘਰ ਵਿੱਚ ਰਹਿਣ ਜਾਣ ਤੋਂ ਪਹਿਲਾਂ ਰਿਹਾਇਸ਼ ਸਮਝੌਤੇ 'ਤੇ ਦਸਤਖ਼ਤ ਕਰਨੇ ਲਾਜ਼ਮੀ ਹਨ। ਹਾਲਾਂਕਿ, ਤੁਹਾਨੂੰ ਰਹਿਣ ਜਾਣ ਤੋਂ ਪਹਿਲਾਂ ਇਹ ਚੁਣਨ ਦੀ ਜ਼ਰੂਰਤ ਨਹੀਂ ਹੈ ਕਿ ਤੁਸੀਂ ਆਪਣੇ ਰਿਹਾਇਸ਼ੀ ਖ਼ਰਚਿਆਂ ਦਾ ਭੁਗਤਾਨ ਕਿਵੇਂ ਕਰਨਾ ਚਾਹੁੰਦੇ ਹੋ। ਤੁਸੀਂ ਦੇਖਭਾਲ ਵਿੱਚ ਰਹਿਣ ਜਾਣ ਤੋਂ ਬਾਅਦ ਕਿਸੇ ਵੀ ਸਮੇਂ ਆਪਣੇ ਰਿਹਾਇਸ਼ੀ ਖ਼ਰਚਿਆਂ (ਪੂਰੇ ਜਾਂ ਅੰਸ਼ਕ ਰੂਪ ਵਿੱਚ) ਲਈ ਇੱਕਮੁਸ਼ਤ ਰਕਮ ਦਾ ਭੁਗਤਾਨ ਕਰ ਸਕਦੇ ਹੋ। ਜਦੋਂ ਤੱਕ ਤੁਸੀਂ ਇੱਕਮੁਸ਼ਤ ਰਕਮ ਦਾ ਭੁਗਤਾਨ ਨਹੀਂ ਕਰਦੇ ਹੋ, ਤਦ ਤੱਕ ਤੁਹਾਨੂੰ ਆਪਣੀ ਰਿਹਾਇਸ਼ ਲਈ ਕਿਰਾਏਦਾਰੀ ਤਰੀਕੇ ਅਨੁਸਾਰ ਭੁਗਤਾਨ ਕਰਨਾ ਪਵੇਗਾ।

ਉੱਚ ਪੱਧਰੀ ਰੋਜ਼ਾਨਾ ਜੀਵਨ ਸਮਝੌਤਾ

ਤੁਹਾਨੂੰ ਉੱਚ ਪੱਧਰੀ ਰੋਜ਼ਾਨਾ ਜੀਵਨ ਸਮਝੌਤੇ 'ਤੇ ਉਦੋਂ ਤੱਕ ਦਸਤਖ਼ਤ ਕਰਨ ਲਈ ਨਹੀਂ ਕਿਹਾ ਜਾ ਸਕਦਾ, ਜਦ ਤੱਕ ਤੁਸੀਂ ਦੇਖਭਾਲ ਵਿੱਚ ਰਹਿਣ ਲਈ ਨਹੀਂ ਚਲੇ ਜਾਂਦੇ ਹੋ। ਇੱਕ ਵਾਰ ਜਦੋਂ ਤੁਸੀਂ ਸਮਝੌਤੇ 'ਤੇ ਦਸਤਖ਼ਤ ਕਰ ਲੈਂਦੇ ਹੋ, ਤਾਂ ਤੁਹਾਡੇ ਕੋਲ ਆਪਣਾ ਮਨ ਬਦਲਣ ਲਈ 28 ਦਿਨ ਹੁੰਦੇ ਹਨ। ਤੁਹਾਡੇ ਸਮਝੌਤੇ ਵਿੱਚ ਤੁਹਾਨੂੰ ਮਿਲਣ ਵਾਲੀਆਂ ਚੀਜ਼ਾਂ ਅਤੇ ਸੇਵਾਵਾਂ ਅਤੇ ਉਨ੍ਹਾਂ ਦੀ ਕੀਮਤ ਸ਼ਾਮਲ ਹੋਣੀ ਚਾਹੀਦੀ ਹੈ।

ਤੁਹਾਡੇ ਕਾਨੂੰਨੀ ਅਧਿਕਾਰ ਅਤੇ ਜ਼ਿੰਮੇਵਾਰੀਆਂ

Aged Care Act (ਬਿਰਧ ਦੇਖਭਾਲ ਕਾਨੂੰਨ) ਦੇ ਤਹਿਤ, ਤੁਹਾਡੇ ਅਧਿਕਾਰ ਤੁਹਾਡੀ ਬਿਰਧ ਦੇਖਭਾਲ ਦੇ ਕੇਂਦਰ ਵਿੱਚ ਹਨ। ਜੇਕਰ ਤੁਸੀਂ ਬਿਰਧ ਦੇਖਭਾਲ ਸੇਵਾਵਾਂ ਪ੍ਰਾਪਤ ਕਰ ਰਹੇ ਹੋ, ਤਾਂ ਤੁਹਾਨੂੰ ਆਪਣੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਅਤੇ ਤੁਹਾਡੀਆਂ ਇੱਛਾਵਾਂ ਪੂਰੀਆਂ ਹੋਣ ਦੀ ਉਮੀਦ ਕਰਨੀ ਚਾਹੀਦੀ ਹੈ, ਭਾਵੇਂ ਤੁਸੀਂ ਘਰ ਵਿੱਚ ਸਵੈ-ਨਿਰਭਰ ਜੀਵਨ ਬਤੀਤ ਕਰ ਰਹੇ ਹੋ ਜਾਂ ਕਿਸੇ ਰਿਹਾਇਸ਼ੀ ਦੇਖਭਾਲ ਸੇਵਾ ਵਿੱਚ।

ਅਧਿਕਾਰਾਂ ਦਾ ਘੋਸ਼ਣਾ ਪੱਤਰ

ਨਵੇਂ ਬਜ਼ੁਰਗ ਦੇਖਭਾਲ ਕਾਨੂੰਨ ਵਿੱਚ ਵਿੱਚ ਅਧਿਕਾਰਾਂ ਦਾ ਘੋਸ਼ਣਾ ਪੱਤਰ ਸ਼ਾਮਲ ਹੈ।

ਅਧਿਕਾਰਾਂ ਦਾ ਘੋਸ਼ਣਾ ਪੱਤਰ ਇਹ ਤੁਹਾਡੇ ਅਧਿਕਾਰਾਂ ਨੂੰ ਤੁਹਾਡੀ ਬਿਰਧ ਦੇਖਭਾਲ ਦੇ ਕੇਂਦਰ ਵਿੱਚ ਰੱਖਦਾ ਹੈ — ਤਾਂ ਜੋ ਤੁਸੀਂ ਇਹ ਫ਼ੈਸਲਾ ਕਰ ਸਕੋ ਕਿ ਤੁਸੀਂ ਕਿੱਥੇ ਅਤੇ ਕਿਵੇਂ ਰਹਿਣਾ ਚਾਹੁੰਦੇ ਹੋ, ਤੁਹਾਨੂੰ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਮਿਲੇ, ਤੁਸੀਂ ਆਪਣੀਆਂ ਇੱਛਾਵਾਂ ਪ੍ਰਗਟ ਕਰ ਸਕੋ ਅਤੇ ਤੁਹਾਡੇ ਸੱਭਿਆਚਾਰ ਅਤੇ ਪਛਾਣ ਦਾ ਸਤਿਕਾਰ ਕੀਤਾ ਜਾਵੇ। ਇਹ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਆਲੇ-ਦੁਆਲੇ ਦੇ ਲੋਕ, ਜਿਨ੍ਹਾਂ ਵਿੱਚ ਤੁਹਾਡਾ ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਸ਼ਾਮਲ ਹਨ, ਨਾ ਸਿਰਫ਼ ਤੁਹਾਡੀਆਂ ਚੋਣਾਂ ਨੂੰ ਸਵੀਕਾਰ ਕਰਨ ਸਗੋਂ ਉਨ੍ਹਾਂ ਦਾ ਸਤਿਕਾਰ ਵੀ ਕਰਨ।

ਤੁਹਾਨੂੰ ਇਹ ਵੀ ਚੁਣਨ ਦਾ ਅਧਿਕਾਰ ਹੋਵੇਗਾ ਕਿ ਤੁਸੀਂ ਇਹਨਾਂ ਫ਼ੈਸਲਿਆਂ ਨੂੰ ਲੈਣ ਵਿੱਚ ਕਿਸਦੀ ਸਹਾਇਤਾ ਲੈਣਾ ਚਾਹੁੰਦੇ ਹੋ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
MyAgedCare.gov.au/Know-Your-Rights

ਰਜਿਸਟਰਡ ਸਹਾਇਕ

ਤੁਸੀਂ ਆਪਣੇ ਫ਼ੈਸਲੇ ਲੈਣ ਅਤੇ ਅੱਗੇ ਦੱਸਣ ਵਿੱਚ ਮੱਦਦ ਲਈ ਕਿਸੇ ਹੋਰ ਵਿਅਕਤੀ ਦੀ ਸਹਾਇਤਾ ਲੈਣੀ ਚਾਹ ਸਕਦੇ ਹੋ, ਜਾਂ ਉਸਦੀ ਸਹਾਇਤਾ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਚਾਹੁੰਦੇ ਹੋ, ਤਾਂ ਤੁਸੀਂ ਜਾਣਕਾਰੀ ਨੂੰ ਸਮਝਣ ਅਤੇ ਆਪਣੀਆਂ ਇੱਛਾਵਾਂ ਨੂੰ ਅੱਗੇ ਦੱਸਣ ਵਿੱਚ ਮੱਦਦ ਲਈ ਸਹਾਇਕਾਂ ਨੂੰ ਰਜਿਸਟਰ ਕਰ ਸਕਦੇ ਹੋ।

ਇਹ ਨਵੀਂ ਰਜਿਸਟਰਡ ਸਹਾਇਕ ਭੂਮਿਕਾ, My Aged Care ਦੀ ਨੁਮਾਇੰਦਗੀ ਕਰਨ ਸੰਬੰਧੀ ਮੌਜੂਦਾ ਵਿਵਸਥਾ ਦੀ ਥਾਂ ਲੈਂਦੀ ਹੈ ਅਤੇ ਇਹ ਸਮੁੱਚੀ ਬਿਰਧ ਦੇਖਭਾਲ ਪ੍ਰਣਾਲੀ ਵਿੱਚ ਲਾਗੂ ਹੋਵੇਗੀ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਮੌਜੂਦਾ My Aged Care ਨੁਮਾਇੰਦਿਆਂ ਨੂੰ ਰਜਿਸਟਰਡ ਸਹਾਇਕਾਂ ਵਜੋਂ ਜਾਰੀ ਰੱਖਿਆ ਜਾਵੇ ਤਾਂ ਤੁਹਾਨੂੰ ਕੁੱਝ ਵੀ ਕਰਨ ਦੀ ਲੋੜ ਨਹੀਂ ਹੈ।

ਆਪਣੇ ਨੁਮਾਇੰਦਿਆਂ ਦੀ ਜਾਂਚ ਕਰਨ ਜਾਂ ਜਾਣਕਾਰੀ ਨਵਿਆਉਣ ਲਈ ਜਾਂ ਰੱਦ ਕਰਨ ਲਈ, My Aged Care 'ਤੇ ਔਨਲਾਈਨ ਜਾਓ ਜਾਂ **1800 200 422** 'ਤੇ ਮੁਫ਼ਤ ਫ਼ੋਨ ਕਰੋ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
MyAgedCare.gov.au/Registering-Supporter

ਆਮਦਨ ਅਤੇ ਸੰਪਤੀ ਮੁਲਾਂਕਣ ਲਈ ਨਾਮਜ਼ਦਗੀ ਕਰਨਾ

ਤੁਸੀਂ ਕਿਸੇ ਨਾਮਜ਼ਦ ਵਿਅਕਤੀ ਨੂੰ ਵੀ ਨਿਯੁਕਤ ਕਰ ਸਕਦੇ ਹੋ, ਜੋ ਤੁਹਾਡੇ ਬਿਰਧ ਦੇਖਭਾਲ ਦੇ ਆਮਦਨੀ ਅਤੇ ਸੰਪਤੀ ਮੁਲਾਂਕਣ (means assessment) ਬਾਰੇ ਸਰਵਿਸਿਜ਼ ਆਸਟ੍ਰੇਲੀਆ ਜਾਂਡਿਪਾਰਟਮੈਂਟ ਆਫ਼ ਵੈਟਰਨਜ਼ ਅਫੇਅਰਜ਼ (DVA) ਨਾਲ ਤੁਹਾਡੇ ਵਲੋਂ ਪੁੱਛਗਿੱਛ ਕਰ ਸਕੇ ਜਾਂ ਕਾਰਵਾਈ ਕਰ ਸਕੇ।

ਫਿਰ ਤੁਹਾਡਾ ਨਾਮਜ਼ਦ ਵਿਅਕਤੀ ਤੁਹਾਡੀਆਂ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ੀ ਖ਼ਰਚਿਆਂ ਦੇ ਸੰਬੰਧ ਵਿੱਚ ਜਾਣਕਾਰੀ ਪ੍ਰਾਪਤ ਕਰ ਸਕੇਗਾ ਅਤੇ ਤੁਹਾਡੀ ਵੱਲੋਂ Services Australia ਜਾਂ DVA ਨਾਲ ਤੁਹਾਡੀ ਨਿੱਜੀ ਜਾਣਕਾਰੀ ਨੂੰ ਅੱਪਡੇਟ ਕਰ ਸਕੇਗਾ।

Services Australia ਲਈ, 'ਤੁਹਾਡੀ ਤਰਫ਼ੋਂ ਪੁੱਛਗਿੱਛ ਕਰਨ ਜਾਂ ਕਾਰਵਾਈ ਕਰਨ ਲਈ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਅਧਿਕਾਰਤ ਕਰਨ ਵਾਲਾ (SS313) ਫਾਰਮ' ਭਰੋ:
ServicesAustralia.gov.au/ss313

DVA ਲਈ, 'DVA ਗਾਹਕਾਂ ਲਈ ਨਾਮਜ਼ਦਗੀ ਲਈ ਬਿਰਧ ਦੇਖਭਾਲ ਸੇਵਾ ਬੇਨਤੀ (AC019) ਫਾਰਮ' ਭਰੋ: **ServicesAustralia.gov.au/ac019**

ਆਪਣੀ ਬਿਰਧ ਦੇਖਭਾਲ ਸੇਵਾ ਬਾਰੇ ਸ਼ਿਕਾਇਤ ਕਰਨਾ

ਜੇਕਰ ਤੁਹਾਨੂੰ ਆਪਣੀ ਜਾਂ ਕਿਸੇ ਹੋਰ ਨੂੰ ਮਿਲ ਰਹੀ ਦੇਖਭਾਲ ਬਾਰੇ ਕੋਈ ਚਿੰਤਾ ਹੈ, ਤਾਂ ਇਸ ਬਾਰੇ ਗੱਲ ਕਰਨਾ ਮਹੱਤਵਪੂਰਨ ਹੈ। ਸਭ ਤੋਂ ਪਹਿਲਾਂ, ਤੁਹਾਨੂੰ ਆਪਣੇ ਸੇਵਾ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ। Aged Care Act ਦੇ ਤਹਿਤ, ਸਾਰੇ ਪ੍ਰਦਾਤਾਵਾਂ ਕੋਲ ਇੱਕ ਸ਼ਿਕਾਇਤ ਨਿਪਟਾਰਾ ਪ੍ਰਣਾਲੀ ਅਤੇ ਪ੍ਰਕਿਰਿਆ ਹੋਣੀ ਲਾਜ਼ਮੀ ਹੈ।

ਜੇਕਰ ਤੁਸੀਂ ਆਪਣੇ ਸੇਵਾ ਪ੍ਰਦਾਤਾ ਨਾਲ ਕੋਈ ਚਿੰਤਾ ਪ੍ਰਗਟ ਕਰਦੇ ਹੋ, ਤਾਂ ਉਹਨਾਂ ਨੂੰ ਗੱਲ ਨੂੰ ਸੁਣਨਾ ਚਾਹੀਦਾ ਹੈ ਅਤੇ ਜਲਦੀ ਅਤੇ ਨਿਰਪੱਖ ਢੰਗ ਨਾਲ ਜਵਾਬ ਦੇਣਾ ਚਾਹੀਦਾ ਹੈ। ਜੇਕਰ ਉਹ ਅਜਿਹਾ ਨਹੀਂ ਕਰਦੇ, ਤਾਂ ਤੁਹਾਨੂੰ ਸਜ਼ਾ ਦੇ ਡਰ ਤੋਂ ਬਿਨਾਂ ਬਿਰਧ ਦੇਖਭਾਲ ਗੁਣਵੱਤਾ ਅਤੇ ਸੁਰੱਖਿਆ ਕਮਿਸ਼ਨ (ਇਹ ਕਮਿਸ਼ਨ) ਕੋਲ ਮੁੱਦਾ ਉਠਾਉਣ ਦਾ ਅਧਿਕਾਰ ਹੈ।

ਇਹ ਕਮਿਸ਼ਨ ਤੁਹਾਡੀ ਚਿੰਤਾ ਜਾਂ ਸ਼ਿਕਾਇਤ ਨੂੰ ਹੱਲ ਕਰਨ ਵਿੱਚ ਤੁਹਾਡੀ ਮੱਦਦ ਕਰ ਸਕਦਾ ਹੈ। ਉਹ ਤੁਹਾਨੂੰ ਇਸ ਬਾਰੇ ਵੀ ਜਾਣਕਾਰੀ ਦੇ ਸਕਦੇ ਹਨ ਕਿ ਆਪਣੇ ਸੇਵਾ ਪ੍ਰਦਾਤਾ ਨਾਲ ਸਿੱਧੇ ਕਿਵੇਂ ਗੱਲ ਕਰਨੀ ਹੈ।

ਚਿੰਤਾ ਪ੍ਰਗਟ ਕਰਨਾ ਸੁਰੱਖਿਅਤ ਅਤੇ ਆਸਾਨ ਹੈ। ਤੁਸੀਂ ਗੁਪਤ ਜਾਂ ਗੁੰਮਨਾਮ ਸ਼ਿਕਾਇਤ ਕਰਨ ਦੀ ਚੋਣ ਕਰ ਸਕਦੇ ਹੋ। ਸ਼ਿਕਾਇਤ ਕਰਨਾ 'ਮੁਸ਼ਕਿਲ ਵਿਅਕਤੀ ਹੋਣਾ' ਨਹੀਂ ਹੈ - ਇਹ ਦੇਖਭਾਲ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਅਤੇ ਉਸੇ ਸਮੱਸਿਆ ਵਾਲੇ ਦੂਜੇ ਲੋਕਾਂ ਦੀ ਮੱਦਦ ਕਰਨ ਵਿੱਚ ਸਹਾਇਕ ਹੋ ਸਕਦਾ ਹੈ।

ਤੁਸੀਂ ਇਸ ਕਮਿਸ਼ਨ ਨਾਲ ਕਈ ਤਰੀਕਿਆਂ ਨਾਲ ਸੰਪਰਕ ਕਰ ਸਕਦੇ ਹੋ:

- ਇਸ ਵੈੱਬਸਾਈਟ 'ਤੇ ਜਾਓ: **AgedCareQuality.gov.au/Complaints-Concerns**
- ਮੁਫ਼ਤ ਫ਼ੋਨ: **1800 951 822**
- ਡਾਕ ਪਤਾ : Aged Care Quality and Safety Commission
  GPO Box 9819
  [ਤੁਹਾਡੀ ਰਾਜਧਾਨੀ] [ਤੁਹਾਡਾ ਰਾਜ/ਕੇਂਦਰੀ ਪ੍ਰਦੇਸ਼]

ਵਕਾਲਤ, ਜਾਣਕਾਰੀ ਅਤੇ ਸਹਾਇਤਾ

ਆਸਟ੍ਰੇਲੀਆ ਸਰਕਾਰ ਉੱਚ ਸੰਸਥਾਵਾਂ ਅਤੇ ਹੋਰ ਸਮੂਹਾਂ ਨਾਲ ਮਿਲ ਕੇ ਕੰਮ ਕਰਦੀ ਹੈ ਜੋ ਬਜ਼ੁਰਗ ਲੋਕਾਂ ਦੀਆਂ ਲੋੜਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਨ੍ਹਾਂ ਦੀ ਵਕਾਲਤ ਕਰਦੇ ਹਨ, ਉਦਾਹਰਣ ਵਜੋਂ: ਏਜਡ ਕੇਅਰ ਕੌਂਸਲ ਆਫ਼ ਐਲਡਰਜ਼, ਕੌਂਸਲ ਔਨ ਦਾ ਏਜਿੰਗ (COTA), ਨੈਸ਼ਨਲ ਏਜਡ ਕੇਅਰ ਐਡਵਾਈਜ਼ਰੀ ਕੌਂਸਲ ਅਤੇ ਓਲਡਰ ਪਰਸਨਜ਼ ਐਡਵੋਕੇਸੀ ਨੈੱਟਵਰਕ (OPAN)।

ਸਰਕਾਰ OPAN ਨੂੰ ਰਾਸ਼ਟਰੀ ਬਿਰਧ ਦੇਖਭਾਲ ਵਕਾਲਤ ਪ੍ਰੋਗਰਾਮ (National Aged Care Advocacy Program) ਚਲਾਉਣ ਲਈ ਫ਼ੰਡ ਦਿੰਦੀ ਹੈ। ਇਹ ਪ੍ਰੋਗਰਾਮ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾ ਲੈਣ ਦੀ ਸੋਚ ਰਹੇ ਹਨ ਜਾਂ ਲੈ ਰਹੇ ਬਜ਼ੁਰਗ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਜਾਂ ਸਹਾਇਕਾਂ ਨੂੰ ਮੁਫ਼ਤ, ਗੁਪਤ ਅਤੇ ਸਵੈ-ਨਿਰਭਰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।

OPAN ਦੇ ਬਿਰਧ ਦੇਖਭਾਲ ਵਕੀਲ ਇਨ੍ਹਾਂ ਵਿੱਚ ਤੁਹਾਡੀ ਮੱਦਦ ਕਰ ਸਕਦੇ ਹਨ:

- ਆਪਣੇ ਬਿਰਧ ਦੇਖਭਾਲ ਅਧਿਕਾਰਾਂ ਨੂੰ ਸਮਝਣ ਅਤੇ ਵਰਤਣ ਵਿੱਚ
- ਤੁਹਾਡੀਆਂ ਲੋੜਾਂ ਅਨੁਸਾਰ ਬਿਰਧ ਦੇਖਭਾਲ ਸੇਵਾਵਾਂ ਲੱਭਣ ਵਿੱਚ, ਅਤੇ
- ਤੁਹਾਡੇ ਸਰਕਾਰ ਦੁਆਰਾ ਫ਼ੰਡ ਪ੍ਰਾਪਤ ਬਿਰਧ ਦੇਖਭਾਲ ਸੇਵਾ ਪ੍ਰਦਾਤਾ ਨਾਲ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ।

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਤੁਸੀਂ **ਏਜਡ ਕੇਅਰ ਐਡਵੋਕੇਸੀ ਲਾਈਨ** ਨੂੰ **1800 700 600** 'ਤੇ ਫ਼ੋਨ ਕਰਕੇ ਬਿਰਧ ਦੇਖਭਾਲ ਐਡਵੋਕੇਟ ਨਾਲ ਗੱਲ ਕਰ ਸਕਦੇ ਹੋ। ਤੁਹਾਨੂੰ ਆਪਣੇ ਰਾਜ ਜਾਂ ਕੇਂਦਰੀ ਪ੍ਰਦੇਸ਼ ਦੀ ਬਿਰਧ ਦੇਖਭਾਲ ਵਕਾਲਤ ਕਰਨ ਵਾਲੀ ਸੰਸਥਾ ਨਾਲ ਜੋੜਿਆ ਜਾਵੇਗਾ।

OPAN.org.au ਵੈੱਬਸਾਈਟ 'ਤੇ ਜਾਓ।

ਮੁਫ਼ਤ ਕਾਲ: **1800 700 600**

5 ਆਪਣੀ ਦੇਖਭਾਲ ਅਤੇ ਸੇਵਾਵਾਂ ਦਾ ਪ੍ਰਬੰਧਨ ਕਰੋ

ਤੁਹਾਡੀਆਂ ਦੇਖਭਾਲ ਲੋੜਾਂ ਦਾ ਮੁਲਾਂਕਣ

ਤੁਹਾਡੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿੱਚ ਜਾਣ ਤੋਂ ਬਾਅਦ, ਤੁਹਾਡਾ ਸੇਵਾ ਪ੍ਰਦਾਤਾ ਇੱਕ ਆਤਮ-ਨਿਰਭਰ ਮੁਲਾਂਕਣਕਰਤਾ ਨਾਲ ਤੁਹਾਡੀਆਂ ਦੇਖਭਾਲ ਦੀਆਂ ਲੋੜਾਂ ਦਾ ਮੁਲਾਂਕਣ ਕਰਨ ਦਾ ਪ੍ਰਬੰਧ ਕਰੇਗਾ। ਤੁਹਾਡੇ ਮੁਲਾਂਕਣ ਦੌਰਾਨ, ਆਤਮ-ਨਿਰਭਰ ਮੁਲਾਂਕਣਕਰਤਾ ਤੁਹਾਨੂੰ ਉਨ੍ਹਾਂ ਚੀਜ਼ਾਂ ਬਾਰੇ ਕੁੱਝ ਸਵਾਲ ਪੁੱਛੇਗਾ ਜੋ ਤੁਸੀਂ ਖੁਦ ਕਰ ਸਕਦੇ ਹੋ ਜਾਂ ਨਹੀਂ ਕਰ ਸਕਦੇ ਹੋ।

ਇਹ ਤੁਹਾਡੇ ਆਸਟ੍ਰੇਲੀਅਨ ਨੈਸ਼ਨਲ ਏਜਡ ਕੇਅਰ ਵਰਗੀਕਰਨ (AN-ACC) ਨੂੰ ਤਿਆਰ ਕਰਨ ਵਿੱਚ ਮੱਦਦ ਕਰਨ ਲਈ ਹੈ। ਤੁਹਾਡਾ ਵਰਗੀਕਰਨ ਇਹ ਨਿਰਧਾਰਤ ਕਰਦਾ ਹੈ ਕਿ ਸੇਵਾ ਪ੍ਰਦਾਤਾ ਤੁਹਾਡੀ ਦੇਖਭਾਲ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਸਰਕਾਰ ਤੋਂ ਕਿੰਨੀ ਸਬਸਿਡੀ ਪ੍ਰਾਪਤ ਕਰੇਗਾ।

ਜੇਕਰ ਤੁਹਾਡੀ ਦੇਖਭਾਲ ਵਿੱਚ ਬਦਲਾਅ ਦੀ ਲੋੜ ਹੈ, ਤਾਂ ਤੁਸੀਂ ਜਾਂ ਤੁਹਾਡਾ ਸੇਵਾ ਪ੍ਰਦਾਤਾ ਮੁੜ ਮੁਲਾਂਕਣ ਦੀ ਬੇਨਤੀ ਕਰ ਸਕਦੇ ਹੋ।

ਸਹਾਇਤਾ ਅਤੇ ਦੇਖਭਾਲ

ਸਾਰੇ ਬਿਰਧ ਦੇਖਭਾਲ ਘਰਾਂ ਵਿੱਚ ਹਰ ਸਮੇਂ, ਹਰ ਦਿਨ, ਹਫ਼ਤੇ ਦੇ ਸਾਰੇ ਦਿਨਾਂ ਵਿੱਚ 24 ਘੰਟਿਆਂ ਲਈ ਘਰ ਦੇ ਅੰਦਰ ਘੱਟੋ-ਘੱਟ ਇੱਕ ਰਜਿਸਟਰਡ ਨਰਸ ਹੋਣੀ ਲਾਜ਼ਮੀ ਹੈ (ਕਈ ਹਾਲਾਤਾਂ ਵਿੱਚ ਛੋਟਾਂ ਲਾਗੂ ਹੋ ਸਕਦੀਆਂ ਹਨ)। ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਨੂੰ ਦੇਖਭਾਲ ਪ੍ਰਦਾਨ ਕਰਨ ਅਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਇੱਕ ਰਜਿਸਟਰਡ ਨਰਸ ਦੀ ਸੇਵਾ ਉਪਲਬਧ ਹੋਵੇ।

ਇਸ ਤੋਂ ਇਲਾਵਾ, ਤੁਹਾਡੇ ਬਿਰਧ ਦੇਖਭਾਲ ਘਰ ਨੂੰ ਉੱਥੇ ਰਹਿਣ ਵਾਲੇ ਹਰੇਕ ਵਿਅਕਤੀ ਲਈ ਔਸਤਨ ਦੇਖਭਾਲ ਸਮਾਂ ਉਪਲਬਧ ਕਰਵਾਉਣਾ ਲਾਜ਼ਮੀ ਹੈ। ਇਸਨੂੰ "ਦੇਖਭਾਲ ਮਿੰਟਾਂ ਦੀ ਜ਼ਿੰਮੇਵਾਰੀ" ਕਿਹਾ ਜਾਂਦਾ ਹੈ ਅਤੇ ਇਹ ਰਜਿਸਟਰਡ ਨਰਸਾਂ, ਇਨਰੋਲਡ ਨਰਸਾਂ, ਨਿੱਜੀ ਦੇਖਭਾਲ ਕਰਮਚਾਰੀਆਂ ਅਤੇ ਨਰਸਿੰਗ ਸਹਾਇਕਾਂ ਰਾਹੀਂ ਦਿੱਤੀ ਜਾਂਦੀ ਹੈ। ਇਹ ਦੇਖਭਾਲ ਮਿੰਟਾਂ, ਬਿਰਧ ਦੇਖਭਾਲ ਘਰ ਦੀ ਸਟਾਰ ਰੇਟਿੰਗ ਵਿੱਚ ਗਿਣੇ ਜਾਂਦੇ ਹਨ।

ਸਾਰੇ ਬਿਰਧ ਦੇਖਭਾਲ ਘਰਾਂ ਵਿੱਚ ਔਸਤਨ ਤੌਰ 'ਤੇ ਹਰ ਵਿਅਕਤੀ ਨੂੰ ਹਰ ਰੋਜ਼ 215 ਮਿੰਟ ਦੀ ਦੇਖਭਾਲ ਮਿਲੇਗੀ, ਜਿਸ ਵਿੱਚੋਂ ਘੱਟੋ-ਘੱਟ 44 ਮਿੰਟ ਰਜਿਸਟਰਡ ਨਰਸ ਵੱਲੋਂ ਦਿੱਤੇ ਜਾਣ ਲਾਜ਼ਮੀ ਹਨ। ਹਰ ਬਿਰਧ ਦੇਖਭਾਲ ਘਰ ਨੂੰ ਆਪਣੇ ਸਾਰੇ ਨਿਵਾਸੀਆਂ ਲਈ "ਦੇਖਭਾਲ ਮਿੰਟਾਂ ਦਾ ਟੀਚਾ" ਪੂਰਾ ਕਰਨਾ ਲਾਜ਼ਮੀ ਹੈ। ਇਸ ਲਈ, ਕੁਝ ਲੋਕਾਂ ਨੂੰ ਰੋਜ਼ਾਨਾ ਦੇ ਆਧਾਰ 'ਤੇ ਉਨ੍ਹਾਂ ਦੀਆਂ ਨਿੱਜੀ ਅਤੇ ਕਲੀਨਿਕਲ ਜ਼ਰੂਰਤਾਂ ਦੇ ਅਧਾਰ ਤੇ, ਵਧੇਰੇ ਦੇਖਭਾਲ ਸਮਾਂ ਮਿਲ ਸਕਦਾ ਹੈ ਅਤੇ ਦੂਜਿਆਂ ਨੂੰ ਘੱਟ ਸਮਾਂ ਮਿਲ ਸਕਦਾ ਹੈ।

ਇਹ ਸਾਰੀ ਦੇਖਭਾਲ ਦਾ ਸਮਾਂ ਲਾਜ਼ਮੀ ਨਹੀਂ ਕਿ ਵਿਅਕਤੀਗਤ ਰੂਪ ਵਿੱਚ ਦਿੱਤਾ ਜਾਵੇਗਾ। ਦੇਖਭਾਲ ਮਿੰਟਾਂ ਵਿੱਚ ਉਹ ਗਤੀਵਿਧੀਆਂ ਵੀ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਦੇਖਭਾਲ ਯੋਜਨਾਵਾਂ ਤਿਆਰ ਕਰਨਾ, ਪਰਿਵਾਰਕ ਮੈਂਬਰਾਂ ਨਾਲ ਸੰਪਰਕ ਕਰਨਾ, ਅਤੇ ਹੋਰ ਸਿਹਤ ਸੇਵਾ ਪ੍ਰਦਾਤਾਵਾਂ ਨਾਲ ਮਿਲਣ ਲਈ ਅਪੋਇੰਟਮੈਂਟਾਂ ਦਾ ਪ੍ਰਬੰਧ ਕਰਨਾ।

ਕੇਅਰ ਮਿੰਟਾਂ ਬਾਰੇ ਵਧੇਰੇ ਜਾਣਕਾਰੀ ਲਈ: **Health.gov.au/Resources/Publications/Care-Minutes-In-Aged-Care-Homes** ਵੈੱਬਸਾਈਟ 'ਤੇ ਜਾਓ।

ਆਪਣੇ ਡਾਕਟਰ, ਦੰਦਾਂ ਦੇ ਡਾਕਟਰ ਜਾਂ ਮਾਹਰ ਨੂੰ ਮਿਲਣਾ

ਤੁਸੀਂ ਆਪਣਾ ਡਾਕਟਰ, ਦੰਦਾਂ ਦਾ ਡਾਕਟਰ ਜਾਂ ਮਾਹਰ ਰੱਖ ਸਕਦੇ ਹੋ। ਤੁਹਾਡਾ ਬਿਰਧ ਦੇਖਭਾਲ ਘਰ ਤੁਹਾਨੂੰ ਅਪੋਇੰਟਮੈਂਟਾਂ ਲੈਣ ਅਤੇ ਲੋੜ ਪੈਣ 'ਤੇ ਤੁਹਾਡੀ ਪਸੰਦ ਦੇ ਡਾਕਟਰਾਂ ਜਾਂ ਮਾਹਰਾਂ ਤੱਕ ਪਹੁੰਚ ਕਰਨ ਵਿੱਚ ਮੱਦਦ ਕਰੇਗਾ। ਇਨ੍ਹਾਂ ਅਪੋਇੰਟਮੈਂਟਾਂ ਦਾ ਪ੍ਰਬੰਧ ਕਰਨ ਲਈ ਤੁਹਾਨੂੰ ਬਿਰਧ ਦੇਖਭਾਲ ਘਰ ਨੂੰ ਭੁਗਤਾਨ ਨਹੀਂ ਕਰਨਾ ਪਵੇਗਾ। ਹਾਲਾਂਕਿ, ਆਮ ਤੌਰ 'ਤੇ ਤੁਹਾਨੂੰ ਆਪਣੇ ਡਾਕਟਰੀ ਸਲਾਹ-ਮਸ਼ਵਰੇ ਦੀ ਫ਼ੀਸ ਦਾ ਭੁਗਤਾਨ ਖ਼ੁਦ ਕਰਨਾ ਪਵੇਗਾ।

ਤੁਹਾਡਾ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਤੁਹਾਡੀਆਂ ਡਾਕਟਰੀ ਅਪੋਇੰਟਮੈਂਟਾਂ ਲਈ ਆਵਾਜਾਈ ਦਾ ਪ੍ਰਬੰਧ ਕਰਨ ਵਿੱਚ ਵੀ ਤੁਹਾਡੀ ਮੱਦਦ ਕਰ ਸਕਦਾ ਹੈ। ਤੁਹਾਨੂੰ ਆਵਾਜਾਈ ਅਤੇ ਆਪਣੇ ਨਾਲ ਆਉਣ-ਜਾਣ ਵਾਲੇ ਕਰਮਚਾਰੀ ਦਾ ਖ਼ਰਚਾ ਚੁੱਕਣਾ ਪੈ ਸਕਦਾ ਹੈ।

ਸਹਾਇਕ ਸਿਹਤ ਸੇਵਾਵਾਂ ਤੱਕ ਪਹੁੰਚ ਕਰਨਾ

ਜੇਕਰ ਤੁਹਾਨੂੰ ਲੋੜ ਹੋਵੇ, ਤਾਂ ਤੁਹਾਡੀ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਨੂੰ ਫਿਜ਼ੀਓਥੈਰੇਪੀ, ਪੋਡੀਆਟਰੀ ਅਤੇ ਸਪੀਚ ਥੈਰੇਪੀ ਵਰਗੀਆਂ ਸਹਾਇਕ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਤੁਹਾਡੀ ਮੱਦਦ ਕਰਨੀ ਚਾਹੀਦੀ ਹੈ। ਇਹ ਇੱਕ ਵਿਸ਼ੇਸ਼ ਥੈਰੇਪੀ ਪ੍ਰੋਗਰਾਮ ਰਾਹੀਂ ਹੋ ਸਕਦਾ ਹੈ ਜੋ ਤੁਹਾਡੀ ਸਮਰੱਥਾ ਨੂੰ ਬਹਾਲ ਕਰਨ ਜਾਂ ਤੁਹਾਨੂੰ ਰੋਜ਼ਾਨਾ ਦੇ ਕੰਮਾਂ ਅਤੇ ਚੀਜ਼ਾਂ ਨੂੰ ਆਤਮ-ਨਿਰਭਰ ਤੌਰ ਤਰੀਕੇ ਨਾਲ ਜਾਰੀ ਰੱਖਣ ਵਿੱਚ ਮੱਦਦ ਕਰਦਾ ਹੈ। ਇਹ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਦੁਆਰਾ ਵਿਕਸਤ ਅਤੇ ਭੁਗਤਾਨ ਕੀਤਾ ਜਾਂਦਾ ਹੈ।

ਜੇਕਰ ਤੁਹਾਨੂੰ ਵੱਖਰੀਆਂ ਸਹਾਇਕ ਸਿਹਤ ਅਪੋਇੰਟਮੈਂਟਾਂ ਦੀ ਲੋੜ ਹੈ ਜੋ ਤੁਹਾਡੇ ਥੈਰੇਪੀ ਪ੍ਰੋਗਰਾਮ ਦਾ ਹਿੱਸਾ ਨਹੀਂ ਹਨ, ਤਾਂ ਤੁਹਾਨੂੰ ਇਹਨਾਂ ਲਈ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ।

ਤੁਹਾਨੂੰ ਆਪਣੀਆਂ ਲੋੜਾਂ ਬਾਰੇ ਆਪਣੇ ਬਿਰਧ ਦੇਖਭਾਲ ਘਰ ਨਾਲ ਚਰਚਾ ਕਰਨੀ ਚਾਹੀਦੀ ਹੈ।

ਸਮਾਜਿਕ ਗਤੀਵਿਧੀਆਂ

ਤੁਹਾਡਾ ਬਿਰਧ ਦੇਖਭਾਲ ਘਰ ਸਮਾਜਿਕ ਅਤੇ ਹੋਰ ਗਤੀਵਿਧੀਆਂ ਦਾ ਪ੍ਰਬੰਧ ਕਰੇਗਾ। ਉਨ੍ਹਾਂ ਨੂੰ ਆਪਣੇ ਸ਼ੌਕ ਅਤੇ ਰੁਚੀਆਂ ਬਾਰੇ ਦੱਸੋ ਤਾਂ ਜੋ ਉਹ ਬਿਰਧ ਦੇਖਭਾਲ ਘਰ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਜਾਰੀ ਰੱਖਣ ਵਿੱਚ ਤੁਹਾਡੀ ਮੱਦਦ ਕਰ ਸਕਣ। ਉਹ ਕੋਸ਼ਿਸ਼ ਕਰਨ ਲਈ ਹੋਰ ਚੀਜ਼ਾਂ ਦਾ ਸੁਝਾਅ ਵੀ ਦੇ ਸਕਦੇ ਹਨ।

ਕਮਿਊਨਿਟੀ ਮੁਲਾਕਾਤੀ

ਜੇਕਰ ਤੁਸੀਂ ਇਕੱਲਾਪਨ ਮਹਿਸੂਸ ਕਰਦੇ ਹੋ ਜਾਂ ਤੁਸੀਂ ਸਮਾਜਿਕ ਤੌਰ 'ਤੇ ਅਲੱਗ ਕੀਤੇ ਗਏ ਮਹਿਸੂਸ ਕਰਦੇ ਹੋ, ਤਾਂ ਤੁਸੀਂ ਏਜਡ ਕੇਅਰ ਵਾਲੰਟੀਅਰ ਮੁਲਾਕਾਤੀ ਸਕੀਮ (ACVVS) ਰਾਹੀਂ ਇੱਕ ਵਲੰਟੀਅਰ ਮੁਲਾਕਾਤੀ ਲਈ ਬੇਨਤੀ ਕਰ ਸਕਦੇ ਹੋ। ਇਹ ਮੁਲਾਕਾਤਾਂ ਉਨ੍ਹਾਂ ਸਾਰਿਆਂ ਲੋਕਾਂ ਲਈ ਉਪਲਬਧ ਹਨ ਜੋ ਸਰਕਾਰੀ ਸਹਾਇਤਾ ਪ੍ਰਾਪਤ ਰਿਹਾਇਸ਼ੀ ਬਿਰਧ ਦੇਖਭਾਲ ਸਹੂਲਤ ਜਾਂ 'ਸਪੋਰਟ ਐਟ ਹੋਮ' ਪ੍ਰਾਪਤ ਕਰ ਰਹੇ ਹਨ, ਜਿਸ ਵਿੱਚ ਉਹ ਵਿਅਕਤੀ ਵੀ ਸ਼ਾਮਲ ਹਨ ਜੋ ਮੰਨਜ਼ੂਰਸ਼ੁਦਾ ਦੇਖਭਾਲ ਪ੍ਰਾਪਤਕਰਤਾ ਜਾਂ ਰਾਸ਼ਟਰੀ ਤਰਜੀਹੀ ਪ੍ਰਣਾਲੀ ਉੱਤੇ ਹਨ।

ਵਧੇਰੇ ਜਾਣਕਾਰੀ ਲਈ, **Health.gov.au/ACVVS** ਵੈੱਬਸਾਈਟ 'ਤੇ ਜਾਓ।

ਛੁੱਟੀਆਂ 'ਤੇ ਜਾਣਾ

ਜੇਕਰ ਤੁਸੀਂ ਛੁੱਟੀਆਂ 'ਤੇ ਜਾਣਾ ਚਾਹੁੰਦੇ ਹੋ ਜਾਂ ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਜਾਣਾ ਚਾਹੁੰਦੇ ਹੋ, ਤਾਂ ਤੁਸੀਂ ਇੱਕ ਵਿੱਤੀ ਸਾਲ ਵਿੱਚ ਆਪਣੇ ਬਿਰਧ ਦੇਖਭਾਲ ਘਰ ਤੋਂ 52 ਰਾਤਾਂ ਤੱਕ ਦੀ ਸਮਾਜਿਕ ਛੁੱਟੀ ਦੀ ਵਰਤੋਂ ਕਰ ਸਕਦੇ ਹੋ। ਤੁਹਾਨੂੰ ਅਜੇ ਵੀ ਆਪਣੀਆਂ ਆਮ ਫ਼ੀਸਾਂ, ਯੋਗਦਾਨ ਰਕਮ ਅਤੇ ਰਿਹਾਇਸ਼ ਦੇ ਖ਼ਰਚੇ ਦੇਣੇ ਪੈਣਗੇ।

ਜੇਕਰ ਤੁਸੀਂ ਇੱਕ ਵਿੱਤੀ ਸਾਲ ਵਿੱਚ 52 ਰਾਤਾਂ ਤੋਂ ਵੱਧ ਸਮੇਂ ਲਈ ਬਾਹਰ ਰਹਿੰਦੇ ਹੋ, ਤਾਂ ਸਰਕਾਰ ਸਬਸਿਡੀਆਂ ਦੇਣਾ ਬੰਦ ਕਰ ਦੇਵੇਗੀ ਅਤੇ ਤੁਹਾਡਾ ਬਿਰਧ ਦੇਖਭਾਲ ਘਰ ਤੁਹਾਨੂੰ ਰਕਮ ਭਰਨ ਲਈ ਕਹਿ ਸਕਦਾ ਹੈ।

ਹਸਪਤਾਲ ਵਿੱਚ ਰਹਿਣਾ

ਜੇਕਰ ਤੁਹਾਨੂੰ ਹਸਪਤਾਲ ਜਾਣ ਦੀ ਲੋੜ ਹੈ, ਤਾਂ ਛੁੱਟੀ ਦਾ ਸਮਾਂ ਤੁਹਾਡੀ ਸਮਾਜਿਕ ਛੁੱਟੀ ਵਿੱਚ ਨਹੀਂ ਗਿਣਿਆ ਜਾਵੇਗਾ ਪਰ ਤੁਹਾਨੂੰ ਫਿਰ ਵੀ ਆਪਣੀਆਂ ਆਮ ਫ਼ੀਸਾਂ, ਯੋਗਦਾਨ ਰਕਮ ਅਤੇ ਰਿਹਾਇਸ਼ ਦੇ ਖ਼ਰਚੇ ਅਦਾ ਕਰਨੇ ਪੈਣਗੇ। ਹਸਪਤਾਲ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਫ਼ੀਸਾਂ ਅਤੇ ਯੋਗਦਾਨ ਰਕਮ ਘੱਟ ਸਕਦੇ ਹਨ।

ਕਮਰੇ ਬਦਲਣਾ

ਜੇਕਰ ਤੁਸੀਂ ਆਪਣੇ ਬਿਰਧ ਦੇਖਭਾਲ ਰਕਮ ਤੋਂ ਸੰਤੁਸ਼ਟ ਹੋ ਪਰ ਕਮਰਾ ਬਦਲਣਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਬਿਰਧ ਦੇਖਭਾਲ ਘਰ ਦੇ ਮੈਨੇਜਰ ਨੂੰ ਪੁੱਛ ਸਕਦੇ ਹੋ। ਉਹਨਾਂ ਨੂੰ ਤੁਹਾਡੀ ਬੇਨਤੀ 'ਤੇ ਵਿਚਾਰ ਕਰਨਾ ਚਾਹੀਦਾ ਹੈ, ਭਾਵੇਂ ਤੁਹਾਨੂੰ ਤੁਰੰਤ ਦੂਜਾ ਕਮਰਾ ਦੇਣਾ ਸੰਭਵ ਨਾ ਹੋਵੇ।

ਜੇਕਰ ਤੁਸੀਂ ਕਮਰੇ ਬਦਲਦੇ ਹੋ ਤਾਂ ਤੁਹਾਨੂੰ ਆਪਣੇ ਰਿਹਾਇਸ਼ ਸਮਝੌਤੇ ਨੂੰ ਬਦਲਣ ਅਤੇ ਨਵੀਂ ਰਿਹਾਇਸ਼ ਕੀਮਤ 'ਤੇ ਗੱਲਬਾਤ ਕਰਨ ਦੀ ਲੋੜ ਹੋ ਸਕਦੀ ਹੈ। ਉਦਾਹਰਨ ਲਈ, ਜੇਕਰ ਤੁਸੀਂ ਸਾਂਝੇ ਕਮਰੇ ਤੋਂ ਇੱਕਲੇ ਕਮਰੇ ਵਿੱਚ ਜਾਣ ਦੀ ਚੋਣ ਕਰਦੇ ਹੋ।

ਕੁੱਝ ਹਾਲਾਤ ਅਜਿਹੇ ਹੁੰਦੇ ਹਨ ਜਿੱਥੇ ਤੁਹਾਨੂੰ ਬਿਨਾਂ ਪੈਸੇ ਮੰਗੇ ਦੂਜੇ ਕਮਰੇ ਵਿੱਚ ਭੇਜਿਆ ਜਾ ਸਕਦਾ ਹੈ। ਜੇਕਰ ਤੁਹਾਨੂੰ ਕਮਰੇ ਬਦਲਣ ਲਈ ਕਿਹਾ ਜਾ ਰਿਹਾ ਹੈ ਜਾਂ ਤੁਹਾਡੀ ਜਗ੍ਹਾ ਬਦਲਣ ਨੂੰ ਕਿਵੇਂ ਸੰਭਾਲਿਆ ਜਾ ਰਿਹਾ ਹੈ, ਇਸ ਬਾਰੇ ਕੋਈ ਚਿੰਤਾਵਾਂ ਹਨ, ਤਾਂ ਆਪਣੇ ਬਿਰਧ ਦੇਖਭਾਲ ਘਰ ਦੇ ਮੈਨੇਜਰ ਨਾਲ ਗੱਲ ਕਰੋ।

ਹੋਰ ਸਹਾਇਤਾ

ਅਨੁਵਾਦ ਅਤੇ ਦੁਭਾਸ਼ੀਆ ਸਹਾਇਤਾ

ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਲਈ, ਇੱਥੇ ਫ਼ੋਨ ਕਰੋ:

ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS National) – **131 450**, ਔਪਰੇਟਰ ਨੂੰ ਆਪਣੀ ਭਾਸ਼ਾ ਦੱਸੋ ਅਤੇ ਉਹਨਾਂ ਨੂੰ My Aged Care ਨੂੰ **1800 200 422** 'ਤੇ ਫ਼ੋਨ ਕਰਨ ਲਈ ਕਹੋ।

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਦੁਭਾਸ਼ੀਆ ਸੇਵਾਵਾਂ ਲਈ, ਇੱਥੇ ਫ਼ੋਨ ਕਰੋ:

My Aged Care ਲਈ **1800 200 422** 'ਤੇ ਸੰਪਰਕ ਕਰੋ ਅਤੇ ਦੁਭਾਸ਼ੀਏ ਦੀ ਮੰਗ ਕਰੋ।

ਇੱਥੇ ਉਪਲਬਧ ਭਾਸ਼ਾਵਾਂ ਦੀ ਸੂਚੀ ਵੇਖੋ: **MyAgedCare.gov.au/Accessible-All**

ਇਸ਼ਾਰਿਆਂ ਵਾਲੀ ਭਾਸ਼ਾ ਦੀਆਂ ਦੁਭਾਸ਼ੀਆ ਸੇਵਾਵਾਂ ਲਈ, ਇੱਥੇ ਫ਼ੋਨ ਕਰੋ:

Deaf Connect (ਡੈਫ਼ ਕਨੈਕਟ) ਲਈ **1300 773 803** 'ਤੇ ਫ਼ੋਨ ਕਰੋ, ਜਾਂ **Interpreting@DeafConnect.org.au** 'ਤੇ ਈਮੇਲ ਕਰੋ।

ਇਹ ਯਕੀਨੀ ਬਣਾਉਣ ਲਈ ਕਿ ਦੁਭਾਸ਼ੀਆ ਉਪਲਬਧ ਹੋਵੇ, ਸਮੇਂ ਤੋਂ ਪਹਿਲਾਂ ਹੀ ਸੰਪਰਕ ਕਰੋ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **DeafConnect.org.au**

ਜੇਕਰ ਤੁਸੀਂ ਬੋਲ਼ੇ ਹੋ, ਸੁਣਨ ਵਿੱਚ ਮੁਸ਼ਕਿਲ ਆਉਂਦੀ ਹੈ, ਜਾਂ ਬੋਲਣ ਜਾਂ ਸੰਚਾਰ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ, ਤਾਂ ਇੱਥੇ ਫ਼ੋਨ ਕਰੋ:

NRS ਵੈੱਬਸਾਈਟ 'ਤੇ ਆਪਣਾ ਪਸੰਦੀਦਾ ਫ਼ੋਨ ਚੈਨਲ ਚੁਣ ਕੇ ਨੈਸ਼ਨਲ ਰੀਲੇਅ ਸਰਵਿਸ (NRS) ਨਾਲ ਸੰਪਰਕ ਕਰੋ। ਇੱਕ ਵਾਰ ਚੁਣਨ ਤੋਂ ਬਾਅਦ, NRS ਨੂੰ My Aged Care ਨੂੰ **1800 200 422** 'ਤੇ ਫ਼ੋਨ ਕਰਨ ਲਈ ਕਹੋ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **AccessHub.gov.au/About-The-NRS**

ਡਿਮੈਂਸ਼ੀਆ ਸਹਾਇਤਾ

ਆਸਟ੍ਰੇਲੀਆ ਸਰਕਾਰ ਸਾਰੇ ਬਿਰਧ ਦੇਖਭਾਲ ਪ੍ਰਦਾਤਾਵਾਂ ਤੋਂ ਉਮੀਦ ਕਰਦੀ ਹੈ ਕਿ ਉਹ ਡਿਮੈਂਸ਼ੀਆ ਵਾਲੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ।

- **ਨੈਸ਼ਨਲ ਡਿਮੈਂਸ਼ੀਆ ਸਪੋਰਟ ਪ੍ਰੋਗਰਾਮ (NDSP)** ਡਿਮੈਂਸ਼ੀਆ ਨਾਲ ਪੀੜਤ ਲੋਕਾਂ, ਉਨ੍ਹਾਂ ਦੇ ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਨੁਮਾਇੰਦਿਆਂ ਲਈ ਬਹੁਤ ਕਿਸਮਾਂ ਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦਾ ਹੈ। ਇਹ ਸੇਵਾਵਾਂ ਆਸਟ੍ਰੇਲੀਆ ਭਰ ਵਿੱਚ ਫ਼ੋਨ 'ਤੇ, ਔਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਉਪਲਬਧ ਹਨ, ਅਤੇ ਇਹਨਾਂ ਵਿੱਚ ਜਾਣਕਾਰੀ, ਸਿੱਖਿਆ, ਕਾਊਂਸਲਿੰਗ, ਸਹਾਇਕ ਗਤੀਵਿਧੀਆਂ, ਸਾਥੀ ਮਾਰਗਦਰਸ਼ਨ ਅਤੇ ਸਲਾਹ ਸ਼ਾਮਲ ਹੈ।

  ਡਿਮੈਂਸ਼ੀਆ ਆਸਟ੍ਰੇਲੀਆ ਦੀ ਨੈਸ਼ਨਲ ਡਿਮੈਂਸ਼ੀਆ ਹੈਲਪਲਾਈਨ ਨਾਲ ਸੰਪਰਕ ਕਰੋ - ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ **1800 100 500** 'ਤੇ ਮੁਫ਼ਤ ਫ਼ੋਨ ਕਰੋ।

  ਵਧੇਰੇ ਜਾਣਕਾਰੀ ਲਈ, **Health.gov.au/NDSP** ਵੈੱਬਸਾਈਟ 'ਤੇ ਜਾਓ।

- **ਡਿਮੈਂਸ਼ੀਆ ਵਿਵਹਾਰ ਪ੍ਰਬੰਧਨ ਸਲਾਹਕਾਰ ਸੇਵਾ (DBMAS)** ਲੋਕਾਂ ਨੂੰ ਵਿਅਕਤੀਗਤ ਸਹਾਇਤਾ ਪ੍ਰਦਾਨ ਕਰਦੀ ਹੈ ਜਦੋਂ ਡਿਮੈਂਸ਼ੀਆ ਦੇ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣ ਕਿਸੇ ਵਿਅਕਤੀ ਦੀ ਦੇਖਭਾਲ ਜਾਂ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ। ਸਿਖਲਾਈ ਪ੍ਰਾਪਤ ਸਲਾਹਕਾਰ ਕਿਸੇ ਵੀ ਸਥਾਨ ਜਾਂ ਹਾਲਾਤ ਵਿੱਚ ਸੇਵਾ ਪ੍ਰਦਾਤਾਵਾਂ ਅਤੇ ਡਿਮੈਂਸ਼ੀਆ ਵਾਲੇ ਲੋਕਾਂ ਦੀ ਦੇਖਭਾਲ ਕਰਨ ਵਾਲੇ ਵਿਅਕਤੀਆਂ ਦੀ ਸਹਾਇਤਾ ਲਈ ਕੰਮ ਕਰਦੇ ਹਨ।

  ਡਿਮੈਂਸ਼ੀਆ ਸਪੋਰਟ ਆਸਟ੍ਰੇਲੀਆ ਨਾਲ ਸੰਪਰਕ ਕਰੋ - ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ **1800 699 799** 'ਤੇ ਮੁਫ਼ਤ ਫ਼ੋਨ ਕਰੋ।

  DBMAS ਬਾਰੇ ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
  Health.gov.au/DBMAS

  ਡਿਮੈਂਸ਼ੀਆ ਸਹਾਇਤਾ ਬਾਰੇ ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
  MyAgedCare.gov.au/Living-Memory-Loss-Dementia-Or-Depression

ਬੇਘਰ ਹੋਣ ਜਾਂ ਅਣਚਾਹੀਆਂ ਚੀਜ਼ਾਂ ਜਮ੍ਹਾਂ ਕਰਨ ਤੋਂ ਰਾਹਤ ਪਾਉਣ ਵਿੱਚ ਸਹਾਇਤਾ

ਸਹਾਇਤਾ ਇਨ੍ਹਾਂ ਲੋਕਾਂ ਲਈ ਉਪਲਬਧ ਹੈ:

- ਜੋ ਅਣਚਾਹੀਆਂ ਚੀਜ਼ਾਂ ਇਕੱਠਾ ਕਰਨ ਵਾਲੇ ਵਿਵਹਾਰ ਨਾਲ ਜੀਵਨ ਬਤੀਤ ਕਰ ਰਹੇ ਹਨ
- ਜੋ ਗੰਦਗੀ ਭਰੇ ਮਾਹੌਲ ਵਿੱਚ ਰਹਿ ਰਹੇ ਹਨ
- ਜਿਨ੍ਹਾਂ ਨੂੰ ਬੇਘਰ ਹੋਣ ਦਾ ਖ਼ਤਰਾ ਹੈ
- ਜੋ ਲੋੜੀਂਦੀ ਬਜ਼ੁਰਗ ਦੇਖਭਾਲ ਸਹਾਇਤਾ ਪ੍ਰਾਪਤ ਕਰਨ ਦੇ ਅਯੋਗ ਹਨ।

ਉਪਲਬਧ ਸਹਾਇਤਾਵਾਂ ਵਿੱਚ ਇਹ ਸ਼ਾਮਲ ਹਨ:

- ਦੇਖਭਾਲ ਦੀ ਯੋਜਨਾ ਬਣਾਉਣਾ
- ਮਾਹਰ ਸਹਾਇਤਾ ਸੇਵਾਵਾਂ ਨਾਲ ਜੋੜਨਾ
- ਇਕ ਵਾਰੀ ਲਈ ਸਫ਼ਾਈ ਕਰਵਾਉਣ ਦੀ ਸੇਵਾ।

ਜੇਕਰ ਤੁਸੀਂ ਕੇਅਰ ਫਾਈਂਡਰ ਪ੍ਰੋਗਰਾਮ ਰਾਹੀਂ ਸਹਾਇਤਾ ਪ੍ਰਾਪਤ ਕਰ ਰਹੇ ਹੋ ਕਿਉਂਕਿ ਤੁਸੀਂ ਬੇਘਰ ਹੋ ਜਾਂ ਬੇਘਰ ਹੋਣ ਦੇ ਜੋਖ਼ਮ ਵਿੱਚ ਹੋ, ਤਾਂ ਤੁਸੀਂ ਕੌਮਨਵੈਲਥ ਹੋਮ ਸਪੋਰਟ ਪ੍ਰੋਗਰਾਮ ਸੇਵਾਵਾਂ ਤੱਕ ਪਹੁੰਚ ਕਰਨ ਦੇ ਵੀ ਯੋਗ ਹੋ ਸਕਦੇ ਹੋ।

My Aged Care ਨਾਲ ਸੰਪਰਕ ਕਰੋ - ਸਹਾਇਤਾ ਲਈ **1800 200 422** 'ਤੇ ਮੁਫ਼ਤ ਫ਼ੋਨ ਕਰੋ, ਜਾਂ Services Australia ਦੇ ਸੇਵਾ ਕੇਂਦਰ ਵਿੱਚ ਜਾਓ।

ਵਿਭਿੰਨ ਲੋੜਾਂ ਵਾਲੇ ਲੋਕਾਂ ਲਈ ਸਹਾਇਤਾ

ਆਸਟ੍ਰੇਲੀਆਈ ਸਰਕਾਰ ਇਸ ਗੱਲ ਨੂੰ ਮੰਨਦੀ ਹੈ ਕਿ ਸਾਡਾ ਸਮਾਜ ਵਿਭਿੰਨਤਾ ਨਾਲ ਭਰਪੂਰ ਹੈ ਅਤੇ ਲੋਕਾਂ ਦੇ ਜੀਵਨ ਅਨੁਭਵ ਵੀ ਵੱਖਰੇ ਹੋ ਸਕਦੇ ਹਨ।

ਵੱਖ-ਵੱਖ ਲੋੜਾਂ ਵਾਲੇ ਲੋਕਾਂ ਨੂੰ ਉਨ੍ਹਾਂ ਦੀ ਲੋੜੀਂਦੀ ਸਹਾਇਤਾ ਤੱਕ ਪਹੁੰਚ ਦੇਣ ਲਈ ਕਈ ਪ੍ਰੋਗਰਾਮ ਅਤੇ ਸੇਵਾਵਾਂ ਉਪਲਬਧ ਹਨ। ਤੁਹਾਡੇ ਇਲਾਕੇ ਵਿੱਚ ਕੁੱਝ ਵਿਸ਼ੇਸ਼ ਸੇਵਾਵਾਂ ਮੌਜੂਦ ਹੋ ਸਕਦੀਆਂ ਹਨ ਜੋ ਵਿਸ਼ੇਸ਼ ਤੌਰ 'ਤੇ ਵਿਲੱਖਣ ਲੋੜਾਂ ਵਾਲੇ ਸਮੂਹਾਂ ਲਈ ਬਣਾਈ ਗਈਆਂ ਹਨ। ਤੁਸੀਂ My Aged Care ਰਾਹੀਂ ਜਾਂ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਕੋਲੋਂ ਹੋਰ ਜਾਣਕਾਰੀ ਲੈ ਸਕਦੇ ਹੋ।

ਸੇਵਾ ਪ੍ਰਦਾਤਾਵਾਂ ਨੂੰ ਦੇਖਭਾਲ ਅਤੇ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਵਿਸ਼ੇਸ਼ ਅਤੇ ਵਿਭਿੰਨਤਾ ਵਾਲੀਆਂ ਲੋੜਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਉਨ੍ਹਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸਮਰਥਨ ਕਰਨਾ ਚਾਹੀਦਾ ਹੈ। ਕਿਸੇ ਵੀ ਸੇਵਾ ਪ੍ਰਦਾਤਾ ਵੱਲੋਂ ਕਿਸੇ ਵੀ ਵਿਅਕਤੀ ਨਾਲ ਭੇਦਭਾਵ ਨਹੀਂ ਕੀਤਾ ਜਾਣਾ ਚਾਹੀਦਾ, ਜਿਸ ਵਿੱਚ ਸ਼ਾਮਲ ਹਨ:

- ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ, ਜਿਨ੍ਹਾਂ ਵਿੱਚ ਚੁਰਾਈਆਂ ਗਈਆਂ ਪੀੜ੍ਹੀਆਂ (ਸਟੋਲਨ ਜਨਰੇਸ਼ਨਾਂ) ਦੇ ਬਚੇ ਹੋਏ ਲੋਕ ਸ਼ਾਮਲ ਹਨ
- ਸਾਬਕਾ ਸੈਨਿਕ ਜਾਂ ਜੰਗੀ ਵਿਧਵਾਵਾਂ
- ਸੱਭਿਆਚਾਰਕ, ਨਸਲੀ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਲੋਕ
- ਆਰਥਿਕ ਜਾਂ ਸਮਾਜਿਕ ਤੌਰ 'ਤੇ ਪਿੱਛੜੇ ਹੋਏ ਲੋਕ
- ਬੇਘਰ ਹੋ ਚੁੱਕੇ ਜਾਂ ਬੇਘਰ ਹੋਣ ਦੇ ਜੋਖ਼ਮ ਵਾਲੇ ਲੋਕ
- ਮਾਪੇ ਅਤੇ ਬੱਚੇ, ਜੋ ਜ਼ਬਰਦਸਤੀ ਗੋਦ ਲਏ ਜਾਣ ਜਾਂ ਵੱਖ ਕਰਨ ਕਾਰਨ ਇੱਕ ਦੂਜੇ ਤੋਂ ਵੱਖ ਹੋ ਗਏ
- ਸੰਸਥਾਗਤ ਬਾਲ ਜਿਨਸੀ ਸ਼ੋਸ਼ਣ ਤੋਂ ਬੱਚ ਨਿਕਲੇ ਪੀੜਤ ਬਾਲਗ਼ ਵਿਅਕਤੀ
- ਦੇਖਭਾਲ ਛੱਡਣ ਵਾਲੇ, ਜਿਨ੍ਹਾਂ ਵਿੱਚ ਭੁੱਲੇ ਹੋਏ ਆਸਟ੍ਰੇਲੀਆ ਵਾਸੀ ਅਤੇ ਘਰ ਤੋਂ ਬਾਹਰ ਦੇਖਭਾਲ ਵਿੱਚ ਰੱਖੇ ਗਏ ਸਾਬਕਾ ਬਾਲ ਪ੍ਰਵਾਸੀ ਸ਼ਾਮਲ ਹਨ
- ਲੈਸਬੀਅਨ, ਗੇਅ, ਦੋ-ਲਿੰਗੀ, ਟ੍ਰਾਂਸ/ਟ੍ਰਾਂਸਜੈਂਡਰ ਜਾਂ ਇੰਟਰਸੈਕਸ ਜਾਂ ਹੋਰ ਜਿਨਸੀ ਝੁਕਾਅ ਜਾਂ ਲਿੰਗ ਵਿਭਿੰਨਤਾ ਜਾਂ ਸਰੀਰਕ ਵਿਭਿੰਨਤਾ ਵਾਲੇ ਲੋਕ
- ਅਪਾਹਜਤਾ ਵਾਲੇ ਜਾਂ ਮਾਨਸਿਕ ਤੌਰ 'ਤੇ ਬਿਮਾਰ ਵਿਅਕਤੀ
- ਨਿਊਰੋਡਾਈਵਰਜੈਂਟ (ਆਪਣੀ ਉਮਰ ਦੇ ਹਿਸਾਬ ਨਾਲ ਨਾ ਸੋਚਣ ਵਾਲੇ) ਲੋਕ
- ਬੋਲੇ, ਬੋਲੇ-ਅੰਨ੍ਹੇ, ਕਮਜ਼ੋਰ ਨਜ਼ਰ ਜਾਂ ਸੁਣਨ ਵਿੱਚ ਦਿੱਕਤ ਵਾਲੇ ਵਿਅਕਤੀ
- ਪੇਂਡੂ, ਦੂਰ-ਦੁਰਾਡੇ ਜਾਂ ਬਹੁਤ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ।

ਐਲਡਰ ਕੇਅਰ ਸਪੋਰਟ ਸਹਾਇਤਾ

ਐਲਡਰ ਕੇਅਰ ਸਪੋਰਟ ਵਰਕਫੋਰਸ (ਬਿਰਧ ਦੇਖਭਾਲ ਸਹਾਇਤਾ ਵਿੱਚ ਮੱਦਦ) ਬਜ਼ੁਰਗ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਉਨ੍ਹਾਂ ਦੀਆਂ ਸਰੀਰਕ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਕਰਨ ਲਈ ਬਿਰਧ ਦੇਖਭਾਲ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੱਦਦ ਕਰਦੀ ਹੈ। ਨੈਸ਼ਨਲ ਐਬੋਰਿਜ਼ਨਲ ਕਮਿਊਨਿਟੀ ਕੰਟਰੋਲਡ ਹੈਲਥ ਆਰਗੇਨਾਈਜ਼ੇਸ਼ਨ (National Aboriginal Community Controlled Health Organisation) ਇਸ ਪ੍ਰੋਗਰਾਮ ਨੂੰ ਦੇਸ਼ ਭਰ ਵਿੱਚ ਆਪਣੀਆਂ ਭਾਈਵਾਲ ਸੰਸਥਾਵਾਂ ਰਾਹੀਂ ਚਲਾਉਂਦੀ ਹੈ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ:
MyAgedCare.gov.au/Elder-Care-Support-Program

ਕੇਅਰ ਫਾਈਂਡਰ ਤੋਂ ਸਹਾਇਤਾ

ਕੇਅਰ ਫਾਈਂਡਰ ਉਨ੍ਹਾਂ ਬਜ਼ੁਰਗ ਲੋਕਾਂ ਦੀ ਮੱਦਦ ਕਰਦੇ ਹਨ, ਜਿਨ੍ਹਾਂ ਨੂੰ ਭਾਈਚਾਰੇ ਵਿੱਚ ਬਿਰਧ ਦੇਖਭਾਲ ਸੇਵਾਵਾਂ ਅਤੇ ਹੋਰ ਸਹਾਇਤਾਵਾਂ ਤੱਕ ਪਹੁੰਚ ਕਰਨ ਲਈ ਬਹੁਤ ਜ਼ਿਆਦਾ ਮੱਦਦ ਦੀ ਲੋੜ ਹੁੰਦੀ ਹੈ। ਇਹ ਇੱਕ ਮੁਫ਼ਤ ਸੇਵਾ ਹੈ ਜੋ ਉਹਨਾਂ ਹਾਸ਼ੀਏ 'ਤੇ ਖੜ੍ਹੇ ਹੋਣ ਵਾਲੇ ਲੋਕਾਂ ਲਈ ਹੈ, ਜਿਨ੍ਹਾਂ ਕੋਲ ਉਨ੍ਹਾਂ ਦੀ ਮੱਦਦ ਕਰਨ ਵਾਲਾ ਹੋਰ ਕੋਈ ਨਹੀਂ ਹੈ। ਇਸ ਵਿੱਚ ਉਹ ਲੋਕ ਸ਼ਾਮਲ ਹਨ, ਜੋ:

- ਬੋਧਾਤਮਕ ਜਾਂ ਸਾਖ਼ਰਤਾ ਸੰਬੰਧੀ ਸਮੱਸਿਆਵਾਂ ਕਾਰਨ ਗੱਲਬਾਤ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ
- ਜਾਣਕਾਰੀ ਨੂੰ ਸਮਝਣ ਵਿੱਚ ਔਖਾ ਮਹਿਸੂਸ ਕਰਦੇ ਹਨ
- ਬਿਰਧ ਦੇਖਭਾਲ ਸੇਵਾ ਜਾਂ ਸਰਕਾਰ ਨਾਲ ਸੰਪਰਕ ਕਰਨ ਤੋਂ ਹਿਚਕਚਾਉਂਦੇ ਹਨ
- ਜਾਂ ਜੇਕਰ ਉਹਨਾਂ ਨੂੰ ਸੇਵਾਵਾਂ ਨਾ ਮਿਲਣ ਤਾਂ ਉਹ ਅਸੁਰੱਖਿਅਤ ਹਾਲਤ ਵਿੱਚ ਹੋਣਗੇ।

ਆਪਣੇ ਇਲਾਕੇ ਵਿੱਚ ਕੇਅਰ ਫਾਈਂਡਰਜ਼ ਦੀ ਸੂਚੀ ਦੇਖਣ ਲਈ My Aged Care ਦੀ ਵੈੱਬਸਾਈਟ 'ਤੇ ਜਾਓ। ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **MyAgedCare.gov.au/Help-Care-Finder**

ਫੈਡਰੇਸ਼ਨ ਆਫ਼ ਐਥਨਿਕ ਕਮਿਊਨਿਟੀਜ਼ ਕੌਂਸਲਜ਼ ਆਸਟ੍ਰੇਲੀਆ

ਫੈਡਰੇਸ਼ਨ ਆਫ਼ ਐਥਨਿਕ ਕਮਿਊਨਿਟੀਜ਼ ਕੌਂਸਲਜ਼ ਆਸਟ੍ਰੇਲੀਆ (FECCA) ਇੱਕ ਰਾਸ਼ਟਰੀ ਸੰਸਥਾ ਹੈ, ਜੋ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਆਸਟ੍ਰੇਲੀਆ ਵਾਸੀਆਂ ਦੀ ਨੁਮਾਇੰਦਗੀ ਕਰਦੀ ਹੈ। FECCA ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਸੱਭਿਆਚਾਰਕ ਜਾਂ ਭਾਸ਼ਾਈ ਰੁਕਾਵਟਾਂ ਕਾਰਨ ਕੋਈ ਵੀ ਪਿੱਛੇ ਨਾ ਰਹੇ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **FECCA.org.au**

ਸੱਭਿਆਚਾਰਕ ਤੌਰ 'ਤੇ ਢੁੱਕਵੀਂ ਦੇਖਭਾਲ ਵਿੱਚ ਭਾਈਵਾਲ (PICAC)

PICAC ਰਾਜ ਅਤੇ ਕੇਂਦਰੀ ਪ੍ਰਦੇਸ਼ਿਕ ਸੰਸਥਾ ਹਨ ਜੋ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨਤਾ ਵਾਲੇ ਬਜ਼ੁਰਗ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੀਆਂ ਬਿਰਧ ਦੇਖਭਾਲ ਲੋੜਾਂ ਬਾਰੇ ਸੂਚਿਤ ਫ਼ੈਸਲੇ ਲੈਣ ਵਿੱਚ ਮੱਦਦ ਕਰਦੇ ਹਨ।

ਵਧੇਰੇ ਜਾਣਕਾਰੀ ਲਈ, ਇਸ ਵੈੱਬਸਾਈਟ 'ਤੇ ਜਾਓ: **PICACAlliance.org**

ਬਜ਼ੁਰਗਾਂ ਨਾਲ ਹੁੰਦੇ ਸ਼ੋਸ਼ਣ ਅਤੇ ਦੁਰਵਿਵਹਾਰ ਨੂੰ ਖ਼ਤਮ ਕਰਨਾ

ਵੱਡੀ ਉਮਰ ਦੇ ਲੋਕਾਂ ਨਾਲ ਹੁੰਦਾ ਸ਼ੋਸ਼ਣ ਕਦੇ ਵੀ ਠੀਕ ਗੱਲ ਨਹੀਂ ਹੁੰਦਾ ਹੈ। ਇਹ ਸ਼ੋਸ਼ਣ ਸਰੀਰਕ, ਜਿਨਸੀ, ਮਨੋਵਿਗਿਆਨਕ ਜਾਂ ਭਾਵਨਾਤਮਕ, ਵਿੱਤੀ ਜਾਂ ਨਜ਼ਰਅੰਦਾਜ਼ ਕੀਤਾ ਜਾਣਾ ਹੋ ਸਕਦਾ ਹੈ। ਇਹ ਨੁਕਸਾਨ ਕਰਦਾ, ਪ੍ਰੇਸ਼ਾਨੀ ਦਿੰਦਾ ਅਤੇ ਮਾਣ-ਸਨਮਾਨ ਦਾ ਨੁਕਸਾਨ ਕਰਦਾ ਹੈ। ਬਜ਼ੁਰਗਾਂ ਨਾਲ ਹੁੰਦਾ ਸ਼ੋਸ਼ਣ ਅਤੇ ਦੁਰਵਿਵਹਾਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ।

ਜੇਕਰ ਤੁਸੀਂ ਸ਼ੋਸ਼ਣ ਦਾ ਸਾਹਮਣਾ ਕਰ ਰਹੇ ਹੋ, ਜਾਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੇ ਹੋ ਜੋ ਸ਼ੋਸ਼ਣ ਦਾ ਸਾਹਮਣਾ ਕਰ ਰਿਹਾ ਹੋ ਸਕਦਾ ਹੈ, ਤਾਂ ਮੱਦਦ ਅਤੇ ਸਹਾਇਤਾ ਉਪਲਬਧ ਹੈ।

ਜਾਣਕਾਰੀ ਜਾਂ ਸਲਾਹ ਲਈ, ਆਪਣੇ ਭਰੋਸੇਮੰਦ ਵਿਅਕਤੀ ਨਾਲ ਗੱਲ ਕਰੋ:

- 1800ELDERHelp ਜਾਂ **1800 353 374** 'ਤੇ ਮੁਫ਼ਤ ਫ਼ੋਨ ਕਰੋ
- ਹੋਰ ਜਾਣਨ ਲਈ **Compass.info** ਵੈੱਬਸਾਈਟ 'ਤੇ ਜਾਓ।
- ਐਮਰਜੈਂਸੀ ਵਿੱਚ, **000** 'ਤੇ ਫ਼ੋਨ ਕਰੋ।

ਦੇਖਭਾਲ ਕਰਨ ਵਾਲਿਆਂ ਲਈ ਸਹਾਇਤਾ

Carer Gateway (ਕੇਅਰਰ ਗੇਟਵੇਅ) ਤੁਹਾਡੇ ਦੇਖਭਾਲ ਕਰਨ ਵਾਲੇ ਦੀ ਦੇਖਭਾਲ ਕਰਨ ਵਾਲੀ ਭੂਮਿਕਾ ਵਿੱਚ ਮੱਦਦ ਕਰਨ ਲਈ ਰਾਸ਼ਟਰੀ ਪੱਧਰ 'ਤੇ ਵਿਅਕਤੀਗਤ ਤੌਰ 'ਤੇ, ਫ਼ੋਨ ਅਤੇ ਔਨਲਾਈਨ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।

- ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਦੇ ਵਿਚਕਾਰ **1800 422 737** 'ਤੇ ਮੁਫ਼ਤ ਫ਼ੋਨ ਕਰੋ, ਅਤੇ ਆਪਣੇ ਸਥਾਨਕ ਕੇਅਰਰ ਗੇਟਵੇਅ ਸੇਵਾ ਪ੍ਰਦਾਤਾ ਨਾਲ ਗੱਲ ਕਰਨ ਲਈ ਵਿਕਲਪ 1 ਚੁਣੋ।
- ਜਾਣਕਾਰੀ, ਸਲਾਹ ਅਤੇ ਸਰੋਤਾਂ ਲਈ, ਇਸ ਵੈੱਬਸਾਈਟ 'ਤੇ ਜਾਓ: **CarerGateway.gov.au**
- ਵਧੀਕ ਸਰੋਤਾਂ, ਸੇਵਾਵਾਂ ਅਤੇ ਸਹਾਇਤਾ ਸਮੂਹਾਂ ਲਈ My Aged Care ਦੀ ਵੈੱਬਸਾਈਟ 'ਤੇ **MyAgedCare.gov.au/For-Carers** 'ਤੇ ਜਾਓ।

ਖ਼ਰਚਿਆਂ ਦਾ ਹਿਸਾਬ ਲਗਾਓ ਅਤੇ ਬਿਰਧ ਦੇਖਭਾਲ ਘਰ ਲੱਭੋ

ਇਸ ਚੈੱਕਲਿਸਟ ਦੀ ਵਰਤੋਂ ਆਪਣੀਆਂ ਫ਼ੀਸਾਂ, ਯੋਗਦਾਨਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਹਿਸਾਬ ਲਗਾਉਣ ਅਤੇ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਨ ਵਾਲਾ ਸੇਵਾ ਪ੍ਰਦਾਤਾ ਲੱਭਣ ਲਈ ਕਰੋ।

ਤੁਹਾਡੇ ਮੁਲਾਂਕਣ ਤੋਂ ਬਾਅਦ

- ☐ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਤੋਂ ਮੰਨਜ਼ੂਰੀ ਪੱਤਰ ਅਤੇ ਸਹਾਇਤਾ ਯੋਜਨਾ ਪ੍ਰਾਪਤ ਕਰੋ।

ਲਾਗਤਾਂ ਦਾ ਅੰਦਾਜ਼ਾ ਲਗਾਓ

- ☐ My Aged Care ਦੀ ਵੈੱਬਸਾਈਟ 'ਤੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਲਈ ਫ਼ੀਸ ਅਨੁਮਾਨਕ ਦੀ ਵਰਤੋਂ ਕਰਕੇ ਆਪਣੀਆਂ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਅੰਦਾਜ਼ਾ ਲਗਾਓ: **MyAgedCare.gov.au/Aged-Care-Home-Fee-Estimator**

ਵਿੱਤੀ ਮੁਲਾਂਕਣ ਕਰਵਾਉਣ ਦਾ ਪ੍ਰਬੰਧ ਜਲਦੀ ਕਰੋ

- ☐ Services Australia ਵੈੱਬਸਾਈਟ 'ਤੇ ਜਾ ਕੇ ਪੁਸ਼ਟੀ ਕਰੋ ਕਿ ਕੀ ਤੁਹਾਨੂੰ ਆਮਦਨੀ ਅਤੇ ਸੰਪਤੀ ਮੁਲਾਂਕਣ ਕਰਵਾਉਣਾ ਚਾਹੀਦਾ ਹੈ: **ServicesAustralia.gov.au/How-To-Apply-For-Aged-Care-Calculation-Your-Cost-Care**
  - › ਜੇਕਰ ਤੁਹਾਨੂੰ Services Australia ਜਾਂ DVA ਵੱਲੋਂ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤਾ ਗਿਆ ਭੁਗਤਾਨ ਮਿਲਦਾ ਹੈ ਅਤੇ ਤੁਸੀਂ ਆਪਣੇ ਘਰ ਦੇ ਮਾਲਕ ਨਹੀਂ ਹੋ, ਤਾਂ ਤੁਹਾਨੂੰ ਆਮਦਨੀ ਅਤੇ ਸੰਪਤੀ ਮੁਲਾਂਕਣ ਕਰਵਾਉਣ ਦੀ ਲੋੜ ਨਹੀਂ ਹੈ।
  - › ਜੇਕਰ ਤੁਹਾਨੂੰ ਬਿਰਧ ਦੇਖਭਾਲ ਘਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਪ੍ਰੀ-ਐਂਟਰੀ ਮੁਲਾਂਕਣ ਪੱਤਰ ਚਾਹੀਦਾ ਹੈ, ਤਾਂ ਤੁਸੀਂ Services Australia ਨੂੰ **1800 227 475** 'ਤੇ ਮੁਫ਼ਤ ਫ਼ੋਨ ਕਰਕੇ, ਜਾਂ DVA ਨੂੰ **1800 838 372** 'ਤੇ ਮੁਫ਼ਤ ਫ਼ੋਨ ਕਰਕੇ ਇਸਦੀ ਬੇਨਤੀ ਕਰ ਸਕਦੇ ਹੋ।
  - › ਜੇਕਰ ਤੁਸੀਂ NATSIFAC ਸੇਵਾ ਪ੍ਰਦਾਤਾ ਤੋਂ ਸੇਵਾਵਾਂ ਲੈਣ ਜਾ ਰਹੇ ਹੋ, ਤਾਂ ਤੁਹਾਨੂੰ ਆਮਦਨੀ ਅਤੇ ਸਪੰਤੀ ਮੁਲਾਂਕਣ ਲਈ ਅਰਜ਼ੀ ਦੇਣ ਦੀ ਲੋੜ ਨਹੀਂ ਹੋਵੇਗੀ।
- ☐ ਜੇਕਰ ਤੁਹਾਡੀ ਵਿੱਤੀ ਸਥਿਤੀ ਵਿੱਚ ਕੋਈ ਬਦਲਾਅ ਆਉਂਦਾ ਹੈ ਤਾਂ Services Australia ਜਾਂ DVA ਨੂੰ ਦੱਸੋ ਅਤੇ ਉਹ ਤੁਹਾਡਾ ਪ੍ਰੀ-ਐਂਟਰੀ ਮੁਲਾਂਕਣ ਪੱਤਰ ਦੁਬਾਰਾ ਜਾਰੀ ਕਰਨਗੇ।

ਉਹਨਾਂ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਦੀ ਸੂਚੀ ਬਣਾਓ, ਜਿਨ੍ਹਾਂ ਵਿੱਚ ਤੁਹਾਡੀ ਦਿਲਚਸਪੀ ਹੈ

- ☐ My Aged Care ਦੀ ਵੈੱਬਸਾਈਟ **MyAgedCare.gov.au/Find-A-Provider** 'ਤੇ 'Find a provider' ਟੂਲ ਦੀ ਵਰਤੋਂ ਕਰੋ।
- ☐ ਆਪਣੇ ਇਲਾਕੇ ਵਿੱਚ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਨੂੰ ਲੱਭਣ ਲਈ My Aged Care ਨੂੰ **1800 200 422** 'ਤੇ ਮੁਫ਼ਤ ਫ਼ੋਨ ਕਰੋ।
- ☐ ਜੇਕਰ ਤੁਹਾਡੇ ਇਲਾਕੇ ਵਿੱਚ ਉਪਲਬਧ ਹੋਵੇ, ਤਾਂ ਤੁਸੀਂ ਚੁਣੇ ਹੋਏ Services Australia ਸੇਵਾ ਕੇਂਦਰਾਂ ਵਿੱਚੋਂ ਕਿਸੇ ਇੱਕ ਵਿੱਚ ਏਜਡ ਕੇਅਰ ਸਪੈਸ਼ਲਿਸਟ ਅਫ਼ਸਰ ਨਾਲ ਮਿਲ ਸਕਦੇ ਹੋ ਜਾਂ ਵੀਡੀਓ ਚੈਟ ਰਾਹੀਂ ਸੰਪਰਕ ਕਰ ਸਕਦੇ ਹੋ। ਅਪੋਇੰਟਮੈਂਟ ਬੁੱਕ ਕਰਨ ਲਈ **1800 227 475** 'ਤੇ ਮੁਫ਼ਤ ਕਾਲ ਕਰੋ।
- ☐ ਆਪਣੀਆਂ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਅੰਦਾਜ਼ਾ ਲਗਾਉਣ ਲਈ My Aged Care ਦੀ ਵੈੱਬਸਾਈਟ 'ਤੇ ਫ਼ੀਸ ਅਨੁਮਾਨਕ ਦੀ ਵਰਤੋਂ ਕਰੋ।

ਆਪਣੇ ਪਸੰਦੀਦਾ ਬਿਰਧ ਦੇਖਭਾਲ ਘਰਾਂ ਨਾਲ ਸੰਪਰਕ ਕਰੋ ਜਾਂ ਉਨ੍ਹਾਂ ਦਾ ਦੌਰਾ ਕਰੋ

- ☐ ਆਪਣੇ ਬਿਰਧ ਦੇਖਭਾਲ ਯੋਗਤਾ ਮੁਲਾਂਕਣਕਰਤਾ ਤੋਂ ਆਪਣਾ ਮੰਨਜ਼ੂਰੀ ਪੱਤਰ ਲਓ।
- ☐ Services Australia ਤੋਂ ਆਪਣਾ ਪ੍ਰੀ-ਐਂਟਰੀ ਮੁਲਾਂਕਣ ਪੱਤਰ ਲਓ।
- ☐ ਨੋਟ: ਜੇਕਰ ਤੁਸੀਂ ਪਹਿਲਾਂ ਹੀ ਆਪਣਾ ਆਮਦਨੀ ਅਤੇ ਸੰਪਤੀ ਮੁਲਾਂਕਣ ਨਹੀਂ ਕਰਵਾਇਆ ਹੈ, ਤਾਂ Services Australia ਵੈੱਬਸਾਈਟ: **ServicesAustralia.gov.au/How-To-Apply-For-Aged-Care-Calculation-Your-Cost-Care** 'ਤੇ ਜਾ ਕੇ ਪੁਸ਼ਟੀ ਕਰੋ ਕਿ ਕੀ ਤੁਹਾਨੂੰ ਇਹ ਕਰਵਾਉਣਾ ਚਾਹੀਦਾ ਹੈ ਜਾਂ ਨਹੀਂ, ਜਾਂ Services Australia ਨੂੰ **1800 227 475** 'ਤੇ ਮੁਫ਼ਤ ਫ਼ੋਨ ਜਾਂ DVA ਨੂੰ **1800 838 372** 'ਤੇ ਮੁਫ਼ਤ ਫ਼ੋਨ ਕਰੋ।
- ☐ ਤੁਹਾਡੇ ਲਈ ਕੀ ਮਹੱਤਵਪੂਰਨ ਹੈ ਅਤੇ ਪੁੱਛਣ ਲਈ ਸਵਾਲਾਂ ਦੀ ਸੂਚੀ ਬਣਾਓ।
- ☐ ਜਿਹੜੇ ਵੀ ਬਿਰਧ ਦੇਖਭਾਲ ਘਰ ਤੁਸੀਂ ਵੇਖੋ, ਉਨ੍ਹਾਂ ਬਾਰੇ ਨੋਟਸ ਬਣਾਓ — ਉਦਾਹਰਨ ਵਜੋਂ, ਤੁਹਾਨੂੰ ਕੀ ਪਸੰਦ ਆਇਆ / ਕੀ ਪਸੰਦ ਨਹੀਂ ਆਇਆ, ਕਰਮਚਾਰੀਆਂ, ਨਿਵਾਸੀਆਂ ਅਤੇ ਮਾਹੌਲ ਬਾਰੇ ਤੁਹਾਡਾ ਅਨੁਭਵ।
- ☐ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਬਾਰੇ ਪੁੱਛੋ।
- ☐ ਪੁੱਛੋ ਕਿ ਕੀ ਉਹ ਉੱਚ ਪੱਧਰੀ ਰੋਜ਼ਾਨਾ ਜੀਵਨ ਦੀ ਫ਼ੀਸ ਦੇ ਤਹਿਤ ਵਾਧੂ ਚੀਜ਼ਾਂ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਦੀਆਂ ਲਾਗਤਾਂ ਬਾਰੇ ਪੁੱਛੋ।
- ☐ ਆਪਣੇ ਪਸੰਦੀਦਾ ਘਰ/ਘਰਾਂ ਵਿੱਚ ਕਮਰੇ ਲਈ ਬਿਰਧ ਦੇਖਭਾਲ ਘਰ ਦੇ ਅਰਜ਼ੀ ਫਾਰਮ ਦੀ ਵਰਤੋਂ ਕਰਕੇ ਅਰਜ਼ੀ ਦਿਓ।

ਆਮਦਨੀ ਅਤੇ ਸੰਪਤੀ ਮੁਲਾਂਕਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਸਹਾਇਤਾ

- ਜਦੋਂ ਤੁਸੀਂ Services Australia ਜਾਂ DVA ਨਾਲ ਵਿੱਤੀ ਮੁਲਾਂਕਣ ਦੀ ਪ੍ਰਕਿਰਿਆ ਰਾਹੀਂ ਲੰਘ ਰਹੇ ਹੋ ਉਦੋਂ ਤੁਸੀਂ ਕਿਸੇ ਵਿਅਕਤੀ ਨੂੰ ਆਪਣੇ ਵੱਲੋਂ ਫ਼ੈਸਲੇ ਲੈਣ ਜਾਂ ਤੁਹਾਡੀ ਥਾਂ ਕਾਰਵਾਈ ਕਰਨ ਲਈ ਨਿਯੁਕਤ ਕਰ ਸਕਦੇ ਹੋ।
- ਜੇਕਰ ਤੁਹਾਨੂੰ Services Australia ਜਾਂ DVA ਤੋਂ ਪਹਿਲਾਂ ਹੀ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤਾ ਭੁਗਤਾਨ ਲੈ ਰਹੇ ਹੋ ਤਾਂ ਸੰਭਵ ਹੈ ਕਿ ਕੋਈ ਵਿਅਕਤੀ ਪਹਿਲਾਂ ਹੀ ਤੁਹਾਡੀ ਸਹਾਇਤਾ ਲਈ ਨਿਯੁਕਤ ਹੋਵੇ। ਆਪਣੇ ਵਿਕਲਪਾਂ ਬਾਰੇ ਹੋਰ ਜਾਣਕਾਰੀ ਲਵੋ:
  - Services Australia: **ServicesAustralia.gov.au/Centrelink-Or-Aged-Care-Representative-To-Act-For-You**
  - DVA: **DVA.gov.au/Get-Support/Advocacy-Representation-Advice/What-Representative**
- ਇਹ ਪ੍ਰਬੰਧ ਸਿਰਫ਼ Services Australia ਅਤੇ DVA ਨਾਲ ਸੰਪਰਕ ਕਰਨ ਬਾਰੇ ਲਾਗੂ ਹੁੰਦੇ ਹਨ। ਜੇਕਰ ਤੁਸੀਂ ਚਾਹੁੰਦੇ ਹੋ ਜਾਂ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਚੁਣ ਸਕਦੇ ਹੋ ਜੋ ਤੁਹਾਨੂੰ ਬਿਰਧ ਦੇਖਭਾਲ ਬਾਰੇ ਆਪਣੇ ਫ਼ੈਸਲੇ ਲੈਣ ਅਤੇ ਗੱਲਬਾਤ ਕਰਨ ਵਿੱਚ ਮੱਦਦ ਕਰੇ। ਇਸ ਵਿੱਚ My Aged Care ਅਤੇ ਬਿਰਧ ਦੇਖਭਾਲ ਪ੍ਰਦਾਤਾਵਾਂ ਨਾਲ ਸੰਪਰਕ ਕਰਨਾ ਵੀ ਸ਼ਾਮਲ ਹੈ। ਇਹ ਲੋਕ ਤੁਹਾਡੇ ਰਜਿਸਟਰਡ ਸਹਾਇਕ ਹੋ ਸਕਦੇ ਹਨ। ਤੁਹਾਡੇ ਰਜਿਸਟਰਡ ਸਹਾਇਕ ਉਹ ਵਿਅਕਤੀ ਵੀ ਹੋ ਸਕਦੇ ਹਨ ਜੋ ਤੁਸੀਂ ਸਰਵਿਸਿਜ਼ ਆਸਟਰੇਲੀਆ ਜਾਂ DVA ਲਈ ਨਿਯੁਕਤ ਕੀਤੇ ਹੋਣ ਜਾਂ ਇਹ ਕੋਈ ਹੋਰ ਵੀ ਹੋ ਸਕਦੇ ਹਨ।
- ਜੇਕਰ ਤੁਸੀਂ ਆਮਦਨੀ ਅਤੇ ਸੰਪਤੀ ਮੁਲਾਂਕਣ ਪੂਰਾ ਨਹੀਂ ਕਰਨਾ ਚਾਹੁੰਦੇ, ਤਾਂ ਇਸਦੀ ਬਜਾਏ 'ਤੁਹਾਡੀ ਥਾਂ ਪੁੱਛਗਿੱਛ ਕਰਨ ਜਾਂ ਕਾਰਵਾਈ ਕਰਨ ਲਈ ਵਿਅਕਤੀ ਜਾਂ ਸੰਸਥਾ ਨੂੰ ਅਧਿਕਾਰ ਦੇਣ ਵਾਲਾ (SS313)' ਫਾਰਮ ਭਰੋ: **ServicesAustralia.gov.au/ss313**
- DVA ਗਾਹਕਾਂ ਨੂੰ 'DVA ਗਾਹਕਾਂ ਲਈ ਬਿਰਧ ਦੇਖਭਾਲ ਨੁਮਾਇੰਦੇ ਦੀ ਨਿਯੁਕਤੀ ਕਰਨ ਲਈ ਅਰਜ਼ੀ (AC019) ਫਾਰਮ' ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ: **ServicesAustralia.gov.au/ac019**
- ਤੁਹਾਨੂੰ ਆਪਣੀਆਂ ਫ਼ੀਸਾਂ ਅਤੇ ਰਿਹਾਇਸ਼ ਦੇ ਖ਼ਰਚਿਆਂ ਦਾ ਭੁਗਤਾਨ ਕਿਵੇਂ ਕਰਨਾ ਹੈ, ਇਸ ਬਾਰੇ ਫ਼ੈਸਲਾ ਲੈਣ ਤੋਂ ਪਹਿਲਾਂ ਆਤਮ-ਨਿਰਭਰ ਵਿੱਤੀ ਸਲਾਹ ਲੈਣੀ ਚਾਹੀਦੀ ਹੈ। ਤੁਸੀਂ Services Australia ਦੀ ਮੁਫ਼ਤ ਵਿੱਤੀ ਜਾਣਕਾਰੀ ਸੇਵਾ ਨਾਲ **132 300** 'ਤੇ ਵੀ ਸੰਪਰਕ ਕਰ ਸਕਦੇ ਹੋ ਅਤੇ ਵਿੱਤੀ ਜਾਣਕਾਰੀ ਸੇਵਾ ਲਈ ਪੁੱਛ ਸਕਦੇ ਹੋ।

ਸਮਝੌਤੇ ਵਿੱਚ ਦਾਖ਼ਲ ਹੋਣਾ

ਸੇਵਾ ਸਮਝੌਤੇ ਵਿੱਚ ਹੇਠ ਲਿਖੀਆਂ ਚੀਜ਼ਾਂ ਹੋਣ ਦੀ ਪੁਸ਼ਟੀ ਕਰੋ:

- ☐ ਤੁਹਾਡੇ ਬਿਰਧ ਦੇਖਭਾਲ ਘਰ ਦਾ ਨਾਮ
- ☐ ਬਿਰਧ ਦੇਖਭਾਲ ਘਰ ਵੱਲੋਂ ਪ੍ਰਦਾਨ ਕੀਤੀ ਜਾਣ ਵਾਲੀ ਦੇਖਭਾਲ ਅਤੇ ਸੇਵਾਵਾਂ
- ☐ ਤੁਹਾਡੀਆਂ ਫ਼ੀਸਾਂ, ਯੋਗਦਾਨ ਰਕਮਾਂ ਅਤੇ ਰਿਹਾਇਸ਼ ਦੇ ਖ਼ਰਚੇ ਨਿਰਧਾਰਤ ਕਰਨ ਲਈ ਵਰਤੀਆਂ ਜਾਂਦੀਆਂ ਨੀਤੀਆਂ ਅਤੇ ਤਰੀਕੇ।
- ☐ ਰੋਜ਼ਾਨਾ ਦਿੱਤੀ ਜਾਣ ਵਾਲੀ ਫ਼ੀਸ, ਅਤੇ ਆਮਦਨੀ ਅਤੇ ਸਪੰਤੀ ਮੁਲਾਂਕਣ ਕੀਤੀ ਦੇਖਭਾਲ ਫ਼ੀਸ, ਹੋਟਲਿੰਗ ਯੋਗਦਾਨ ਅਤੇ ਜੇ ਲਾਗੂ ਹੋਵੇ ਤਾਂ ਗ਼ੈਰ-ਕਲੀਨਿਕਲ ਦੇਖਭਾਲ ਯੋਗਦਾਨ
- ☐ ਨਿਵਾਸੀਆਂ ਅਤੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਦੇ ਹੱਕ ਅਤੇ ਜ਼ਿੰਮੇਵਾਰੀਆਂ
- ☐ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਸ਼ਿਕਾਇਤਾਂ ਨੂੰ ਕਿਵੇਂ ਸੰਭਾਲਦਾ ਹੈ
- ☐ ਉਹ ਹਾਲਾਤ ਜਦੋਂ ਤੁਹਾਨੂੰ ਬਿਰਧ ਦੇਖਭਾਲ ਘਰ ਛੱਡਣ ਲਈ ਕਿਹਾ ਜਾ ਸਕਦਾ ਹੈ, ਅਤੇ ਉਹ ਤੁਹਾਨੂੰ ਨਵੀਂ ਥਾਂ ਲੱਭਣ ਵਿੱਚ ਕਿਵੇਂ ਮੱਦਦ ਕਰਨਗੇ
- ☐ ਤੁਹਾਡੇ ਅਤੇ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤ ਵਿਚਕਾਰ ਸਹਿਮਤ ਹੋਏ ਕੋਈ ਹੋਰ ਮਾਮਲੇ।

ਰਿਹਾਇਸ਼ੀ ਸਮਝੌਤੇ ਵਿੱਚ ਹੇਠ ਲਿਖੀਆਂ ਚੀਜ਼ਾਂ ਹੋਣ ਦੀ ਪੁਸ਼ਟੀ ਕਰੋ:

- ☐ ਕਮਰੇ ਦੀ ਸਹਿਮਤੀ ਹੋਈ ਕੀਮਤ
- ☐ ਕਿਰਾਏ ਜਾਂ ਭੁਗਤਾਨ ਦੀਆਂ ਹੋਰ ਸ਼ਰਤਾਂ, ਜਿਸ ਵਿੱਚ DAP ਇੰਡੈਕਸਿੰਗ ਲਾਗੂ ਹੈ ਜਾਂ ਨਹੀਂ ਸ਼ਾਮਲ ਹੈ
- ☐ ਜੇਕਰ ਤੁਸੀਂ ਘਰ ਛੱਡੋ ਜਾਂ ਤੁਹਾਡਾ ਦੇਹਾਂਤ ਹੋ ਜਾਵੇ, ਤਾਂ ਤੁਹਾਡੇ ਇੱਕਮੁਸ਼ਤ ਭੁਗਤਾਨ ਦੀ ਬਕਾਇਆ ਰਾਸ਼ੀ ਵਾਪਸ ਮਿਲੇਗੀ ਜਾਂ ਨਹੀਂ, ਅਤੇ ਕਿਹੜੀਆਂ ਕਟੌਤੀਆਂ ਲਾਗੂ ਕੀਤੀਆਂ ਜਾਣਗੀਆਂ
- ☐ ਤੁਹਾਨੂੰ ਪ੍ਰਦਾਨ ਕੀਤੀ ਜਾਣ ਵਾਲੀ ਖ਼ਾਸ ਰਿਹਾਇਸ਼ੀ ਥਾਂ
- ☐ ਉਹ ਸੇਵਾਵਾਂ ਜੋ ਤੁਹਾਡੀ ਰਿਹਾਇਸ਼ ਦੀ ਲਾਗਤ ਵਿੱਚ ਸ਼ਾਮਲ ਹਨ
- ☐ ਕਮਰੇ ਬਦਲਣ ਦੀਆਂ ਸ਼ਰਤਾਂ।

ਤੁਹਾਡੇ ਉੱਚ ਰੋਜ਼ਾਨਾ ਜੀਵਨ ਸਮਝੌਤੇ ਵਿੱਚ (ਜੇ ਲਾਗੂ ਹੋਵੇ) ਹੇਠ ਲਿਖੀਆਂ ਚੀਜ਼ਾਂ ਹੋਣ ਦੀ ਪੁਸ਼ਟੀ ਕਰੋ:

- ☐ ਤੁਹਾਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਹਰੇਕ ਖ਼ਾਸ ਸੇਵਾਵਾਂ ਦੇ ਵੇਰਵੇ
- ☐ ਉੱਚ ਮਿਆਰ ਦੀਆਂ ਸੇਵਾਵਾਂ ਜੋ ਤੁਹਾਡਾ ਸੇਵਾ ਪ੍ਰਦਾਤਾ ਪ੍ਰਦਾਨ ਕਰੇਗਾ
- ☐ ਉੱਚ ਪੱਧਰੀ ਰੋਜ਼ਾਨਾ ਜੀਵਨ ਦੀਆਂ ਫ਼ੀਸਾਂ ਅਤੇ ਉਹਨਾਂ ਨੂੰ ਕਿੰਨੀ ਵਾਰ ਲਿਆ ਜਾਵੇਗਾ
- ☐ ਸਮਝੌਤੇ ਦੀ ਸਾਲਾਨਾ ਸਮੀਖਿਆ ਦਾ ਪ੍ਰਬੰਧ।

ਬਿਰਧ ਦੇਖਭਾਲ ਵਿੱਚ ਜਾਣ ਦੀ ਤਿਆਰੀ

ਜਦੋਂ ਤੁਸੀਂ ਕਿਸੇ ਬਿਰਧ ਦੇਖਭਾਲ ਘਰ ਵਿੱਚ ਕਮਰਾ ਸਵੀਕਾਰ ਕਰ ਲੈਂਦੇ ਹੋ, ਤਾਂ ਹੇਠਾਂ ਦਿੱਤੀ ਚੈੱਕਲਿਸਟ ਦੀ ਵਰਤੋਂ ਕਰੋ ਤਾਂ ਜੋ ਸਾਰੇ ਸੰਬੰਧਿਤ ਲੋਕਾਂ ਨੂੰ ਜਾਣਕਾਰੀ ਮਿਲੇ।

ਤੁਹਾਡਾ ਸਹਾਇਤਾ ਨੈੱਟਵਰਕ:

- ☐ ਤੁਹਾਡਾ ਪਰਿਵਾਰ ਅਤੇ ਦੋਸਤ, ਦੇਖਭਾਲ ਕਰਨ ਵਾਲੇ ਅਤੇ ਗੁਆਂਢੀ।

ਸਿਹਤ ਪੇਸ਼ੇਵਰ:

- ☐ ਤੁਹਾਡਾ ਡਾਕਟਰ/ਜੀਪੀ
  - › ਜੇਕਰ ਤੁਹਾਨੂੰ ਡਾਕਟਰ ਬਦਲਣ ਦੀ ਲੋੜ ਹੈ, ਤਾਂ ਆਪਣੀ ਪੁਰਾਣੀ ਡਾਕਟਰੀ ਜਾਣਕਾਰੀ ਨੂੰ ਆਪਣੇ ਨਵੇਂ ਡਾਕਟਰ ਨੂੰ ਭੇਜਣ ਲਈ ਕਹੋ
  - › ਇਲਾਜਾਂ ਅਤੇ ਦਵਾਈਆਂ ਦੀ ਸੂਚੀ ਬਣਾਓ, ਜੋ ਤੁਸੀਂ ਨਵੇਂ ਬਿਰਧ ਦੇਖਭਾਲ ਘਰ ਨਾਲ ਗੱਲ ਕਰਦੇ ਸਮੇਂ ਉਨ੍ਹਾਂ ਨੂੰ ਦੱਸ ਸਕੋ
- ☐ ਹੋਰ ਸਿਹਤ ਪੇਸ਼ੇਵਰ ਜਿਨ੍ਹਾਂ ਨੂੰ ਤੁਸੀਂ ਨਿਯਮਿਤ ਤੌਰ 'ਤੇ ਮਿਲਦੇ ਹੋ ਜਿਵੇਂ ਕਿ ਮਾਹਰ ਅਤੇ ਦੰਦਾਂ ਦਾ ਡਾਕਟਰ
- ☐ ਤੁਹਾਡੀ ਕਮਿਊਨਿਟੀ ਨਰਸ ਅਤੇ ਫਾਰਮਾਸਿਸਟ।

ਘਰੇਲੂ ਸਹਾਇਤਾ:

- ☐ ਤੁਹਾਡਾ ਮਾਲੀ ਜਾਂ ਘਾਹ ਕੱਟਣ ਵਾਲਾ ਵਿਅਕਤੀ
- ☐ ਤੁਹਾਡੇ ਸਫ਼ਾਈ ਸੇਵਕ ਜਾਂ ਘਰੇਲੂ ਸਹਾਇਕ ਨੂੰ
- ☐ ਮੀਲ ਔਨ ਵ੍ਹੀਲਜ਼ ਅਤੇ ਹੋਰ ਸਹਾਇਤਾ ਸੇਵਾਵਾਂ
- ☐ ਤੁਹਾਡਾ ਹੋਮ ਕੇਅਰ ਪੈਕੇਜ ਸੇਵਾ ਪ੍ਰਦਾਤਾ।

ਸਰਕਾਰੀ ਵਿਭਾਗ ਅਤੇ ਏਜੰਸੀਆਂ:

- ☐ ਵੈਟਰਨਜ਼ ਅਫੇਅਰਜ਼ ਵਿਭਾਗ - **1800 838 372** 'ਤੇ ਮੁਫ਼ਤ ਫ਼ੋਨ ਕਰੋ
- ☐ Services Australia - **1800 227 475** 'ਤੇ ਮੁਫ਼ਤ ਫ਼ੋਨ ਕਰੋ
- ☐ ਆਸਟ੍ਰੇਲੀਆਈ ਟੈਕਸੇਸ਼ਨ ਦਫ਼ਤਰ - **132 861**
- ☐ ਮੈਡੀਕੇਅਰ - **132 011**
- ☐ ਆਪਣੇ ਇਲਾਕੇ ਦੇ ਆਸਟ੍ਰੇਲੀਆਈ ਚੋਣ ਕਮਿਸ਼ਨ ਦਫ਼ਤਰ ਨੂੰ
- ☐ ਆਪਣੇ ਇਲਾਕੇ ਦੀ ਸੜਕਾਂ ਅਤੇ ਆਵਾਜਾਈ ਅਥਾਰਟੀ ਨੂੰ - ਤੁਹਾਡੇ ਡਰਾਈਵਿੰਗ ਲਾਇਸੈਂਸ ਲਈ
- ☐ ਤੁਹਾਡੇ ਸਥਾਨਕ ਡਾਕਘਰ ਅਤੇ ਕੌਂਸਲ ਨੂੰ।

ਵਿੱਤ ਅਤੇ ਬੀਮਾ:

- ☐ ਤੁਹਾਡੇ ਸਿਹਤ ਬੀਮਾ ਸੇਵਾ ਪ੍ਰਦਾਤਾ, ਸੇਵਾਮੁਕਤੀ ਭੱਤਾ, ਬੈਂਕ, ਬਿਲਡਿੰਗ ਸੋਸਾਇਟੀ ਜਾਂ ਕ੍ਰੈਡਿਟ ਯੂਨੀਅਨ ਨੂੰ।

ਹੋਰ:

- ☐ ਫ਼ੋਨ, ਇੰਟਰਨੈੱਟ, ਗੈਸ, ਬਿਜਲੀ ਅਤੇ ਪਾਣੀ ਵਰਗੀਆਂ ਸਹੂਲਤਾਂ
- ☐ ਹੋਰ ਬਿਰਧ ਦੇਖਭਾਲ ਰਿਹਾਇਸ਼ੀ ਸਹੂਲਤਾਂ ਨੂੰ, ਜਿੱਥੇ ਤੁਸੀਂ ਅਰਜ਼ੀ ਦਿੱਤੀ ਹੈ, ਜੇਕਰ ਤੁਸੀਂ ਹੁਣ ਉੱਥੇ ਨਹੀਂ ਜਾਣਾ ਚਾਹੁੰਦੇ; ਹਾਲਾਂਕਿ ਜੇਕਰ ਤੁਸੀਂ ਅਜੇ ਵੀ ਦਿਲਚਸਪੀ ਰੱਖਦੇ ਹੋ ਤਾਂ ਤੁਸੀਂ ਆਪਣੀ ਅਰਜ਼ੀ ਖੁੱਲ੍ਹੀ ਰੱਖਣ ਦੀ ਚੋਣ ਕਰ ਸਕਦੇ ਹੋ।

ਨੋਟਸ

ਨੋਟਸ

myagedcare

MyAgedCare.gov.au
1800 200 422

DT0004860-1025

ਇਸ ਪ੍ਰਕਾਸ਼ਨ ਵਿੱਚ ਸਾਰੀ ਜਾਣਕਾਰੀ 1 ਨਵੰਬਰ 2025 ਤੋਂ ਸਹੀ ਹੈ।